

ਨਿਰੰਕਾਰੀ ਨਾਨਕ

ਸੰਪਾਦਕ

ਧਰਮ ਪਾਲ ਸਿੰਗਲ

ਐਮ. ਏ. (ਪੰਜਾਬੀ)

ਐਮ. ਏ. (ਹਿੰਦੀ)

—:ਪ੍ਰਕਾਸ਼ਕ:—

ਪੰਜਾਬੀ ਸਾਹਿਤ ਸਭਾ,

ਡੀ० ਏ० ਵੀ० ਕਾਲਜ

ਚੰਡੀਗੜ੍ਹ

FOREWORD

India is known as the land of saints and sages. Since time immemorial, whenever there was downfall of religion under the stress of the changing pattern of life, a great soul has appeared on the scene showing the nation the way out of spiritual darkness. Guru Nanak Dev Ji was born in India at such a critical juncture in our history. Rising above the distinctions of caste, creed and colour, he put the eternal values of life in words which went straight to the hearts of the common people. His teachings sum up the essence of the spiritual experience of India.

Whenever the birthday of a great teacher of mankind falls, we should endeavour to make the students familiar with the main events in their life and the truths they preached. Here in this pamphlet, two eminent teachers and educationists have given us the gist of Guru Nanak Dev Ji's gospel. Both the writers do not merely play with words, but symbolise in their daily life the purity, innocence, and simplicity of religion. Dr. Mohan Singh Diwana has attained world fame as a savant and Dr. S.S. Kohli is widely known for his scholarship and learning. I am sure their contributions will dispel mental and spiritual ignorance among the students and develop in them love for knowledge and wisdom. India must be great not only in military power but in spirituality also. We can fulfil our destiny only if we remain true to our rich heritage.

We sincerely thank S. Dil Jang Singh Jauhar and Shri S.L. Chopra for their co-operation. I am also grateful to the Adarsh Art Gallery for designing the cover.

TRILOKI NATH
Principal

ਡਾਕਟਰ ਮੋਹਨ ਸਿੰਘ ਉਬ੍ਰਰਾ, ਦੀਵਾਨਾ

ਗੁਰ ਸਾਖੀ ਜੋਤਿ ਪਰਗਟੁ ਹੋਇ (ਮ:੧)

I ਗੁਰੂ, ਅਧਿਆਤਮੀ ਪੁਰਖ, ਅਕਾਲ ਪੁਰਖ ਦੀ ਸਾਖੀ ਭਰਨ, ਗਵਾਹੀ (=ਉਗਾਹੀ) ਦੇਣ ਲਈ ਭੇਜਿਆ ਜਾਂਦਾ ਹੈ। ਅਜੇਹੇ ਗਵਾਹ ਜੁਗ ਜੁਗ ਵਿਚ ਹਰੀ ਉਪਾਇੰਦਾ ਹੈ[1]।

II ਉਹ ਗਵਾਹੀ ਹੁੰਦੀ ਹੈ—ਆਦਿ ਪੁਰਖ ਦੇ ਸਰੂਪ ਬਾਰੇ; ਸਿਰਠ-ਕੁਦਰਤ-ਰਚਨਾ ਦੇ ਕਰਤਾ ਪੁਰਖ ਨਾਲ ਸਰਬੰਧ ਬਾਰੇ; ਕਾਦਰ ਦੇ ਤੇ ਕੁਦਰਤ ਦੇ, ਮਨੁਖ ਨਾਲ ਸਨਬੰਧ ਬਾਰੇ।

ਵਾਹਿਗੁਰੂ ਦਾ ਕੀ ਸਰੂਪ ਹੈ? ਕੁਦਰਤ, ਮਾਇਆ, ਸਰਿਸ਼ਟੀ ਦਾ ਕੀ ਰੂਪ ਹੈ? ਮਨੁਖ ਦਾ ਅਸਲੀ ਸਰੂਪ ਤੇ ਮਖਸੂਦ ਕੀ ਹੈ ?

III ਉਹ ਗਵਾਹੀ ਕੀ ਕਰਦੀ ਹੈ ?

ਉਸ ਨੂੰ ਅਪਨਾਣ ਨਾਲ ਮਨੁਖ ਬੰਧਨਾਂ ਤੋਂ ਸੁਤੰਤਰ ਹੋਣਾ ਚਾਹੀਦਾ ਹੈ; ਮਾਲਕ, ਪਤੀ, ਰਾਜੇ, ਮਿੱਤਰ, ਪਿਤਾ ਨਾਲ ਉਸਦਾ ਪਰੇਮ ਹੋਕੇ "ਸਮਾਈ"[2] ਤਕ ਪੁਜ ਜਾਣਾ ਚਾਹੀਦਾ ਹੈ; ਹੋਰ ਮਨੁਖਾਂ ਨਾਲ ਤੇ ਬਾਕੀ ਅ—ਮਨੁਖੀ ਸੰਸਾਰ ਨਾਲ ਉਸਨੂੰ ਦਇਆ, ਸਾਂਝ, ਨਿਆਂ, ਸੇਵਾ, ਸਿਦਕ, ਸਚ ਦਾ ਸਲੂਕ ਵਰਤਣਾ ਆਉਣਾ ਚਾਹੀਦਾ ਹੈ। ਇਉਂ ਮਨੁਖ ਗਿਆਨ, ਅਮਰ ਜੀਵਨ, ਅਥਾਹ ਆਨੰਦ[3] ਤੇ ਪੂਰੀ ਆਪਾ ਪਛਾਨਣ ਤੇ ਆਪਾ ਵਧਾ ਦੀ ਪਰਾਪਤੀ ਕਰਦਾ ਹੈ

---

੧. ਮ:੩—ਸਫਾ ੧੦੫੯—ਗੁਰ ਕੀ ਸਾਖੀ ਅੰਮ੍ਰਿਤ ਭਾਖੀ
ਸਚੈ ਸਬਦੇ ਸਚੁ ਸੁਭਾਖੀ
ਸਦਾ ਸਚਿ ਰੰਗਿ ਰਾਤਾ ਮਨੁ ਮੇਰਾ,
ਸਚੇ ਸਚ ਸਮਾਇਦਾ।

੨. ਮ:੫,ਸਫਾ ੧੦੭੬:—ਹਰਿ ਕੇ ਸੇਵਕੁ ਸੋ ਹਰਿ ਜੇਹਾ
ਭੇਦੁ ਨ ਜਾਣਹੁ ਮਾਣਸ ਦੇਹਾ,
ਜਿਉਂ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ

੩, ਮ:੫,ਸਫਾ ੧੦੭੬:—ਹਰਿ ਕੇ ਭਗਤਿ ਸਦਾ ਸੁਖਵਾਸੀ। ਬਾਲ ਸੁਭਾਇ ਅਤੀਤ ਉਦਾਸੀ।
ਅਨਿਕ ਰੰਗ ਕਰਹਿ ਬਹੁ ਭਾਤੀ ਜਿਉਂ ਪਿਤਾ ਪੂਤੁ ਲਾਡਾਇਦਾ ॥

੪, ਮ:੩, ਸਫਾ ੧੦੬੦:—ਆਦਿ ਜੁਗਾਦਿ ਦਇਆ ਪਤਿ ਦਾਤਾ,
ਪੂਰੇ ਗੁਰ ਕੇ ਸਬਦਿ ਪਛਾਤਾ।

IV ਉਸ ਪੂਰੇ ਗੁਰੂ ਦੀ ਗਵਾਹੀ[5] ਨੂੰ ਪੂਰੇ ਤੌਰ ਤੇ ਸਮਝਣ ਲਈ ਤੇ ਉਸ ਤੋਂ ਆਪਣੇ ਅੰਦਰ ਜੋਤ ਪਰਗਟਾਣ ਲਈ ਨਾਦ—ਵੇਦ—ਸਮਾਧੀ—ਗਿਆਨ ਰੂਪੀ ਗੁਰ ਸ਼ਬਦ[6] ਦੀ ਘੋਖ, ਗੌਰ, ਗੌਲ, ਬੂਝ ਬਾਰ ਬਾਰ ਪੜ੍ਹਤ ਤੇ ਵਿਚਾਰ ਦੁਆਰਾ ਅਤਿਅੰਤ ਜ਼ਰੂਰੀ ਹੈ। ਇਸ ਬਗੈਰ ਹੋਰ ਕੋਈ ਗੁਰਮਤ ਦਾ ਦੁਆਰ ਨਹੀਂ। ਅਸੀਂ ਇਹੀ ਕਰਨ ਲਗੇ ਹਾਂ।

ਘੋਖਣ, ਜੋਹਣ, ਟੋਲਣ ਲਈ ਅਸਾਂ ਰਾਗੁ ਮਾਰੂ ਮਹਲਾ ੧ ਲੈਂਦੇ ਹਾਂ। ਗੁਰੂ ਨਾਨਕ ਦੇਵ ਜੀ ਦੀ ਇਹ ਸਭ ਤੋਂ ਵਧ ਰਹਸ-ਮਈ; ਭੇਤ-ਭਰਪੂਰ, ਸਰਬਕਲਾ ਸੰਜੁਗਤ ਬਾਣੀ ਹੈ, ਖਾਸ ਕਰਕੇ ਘਰ ੧ ਚਉਪਦੇ ਤੇ ਘਰ ੫ (ਸਫੇ ੯੮੯ ਤੋਂ ੯੯੩) ਅਤੇ ਮਾਰੂ ਸੋਲਹੇ ਮਹਲਾ ੧ (ਸਫੇ ੧੦੨੦ ਤੋਂ ੧੦੪੩ ਤੀਕ)। ਇਹਨਾਂ ਤੋਂ ਛੁਟ ਹੋਰ ਬਾਣੀ ਮਾਰੂ ਰਾਗ ਵਿਚ ਆਪ ਦੀ ਹੈ—ਅਸਟਪਦੀਆਂ, ਘਰੁ ੧, ਕਾਫੀ, ਘਰ ੨।

ਏਸ ਰਤਨ—ਖਜ਼ਾਨੇ ਵਿਚੋਂ ਅਸੀਂ ਇਸ ਵੰਡ ਅਨੁਸਾਰ ਅਨਮੋਲ ਦਾਤ ਨੂੰ ਸਵਾਰਾਂਗੇ:

੧. ਵਾਹਿਗੁਰੂ ਦੇ ਕੇਹੜੇ ਨਾਮ ਹਨ ਜੋ ਉਸ ਦੇ ਸਰੂਪ ਦੇ ਲਖਾਇਕ ਕਰਕੇ, ਗੁਰੂ ਮਹਾਰਾਜ ਨੇ ਦਿੱਤੇ ਹਨ ?

੨. ਆਪ ਨੇ ਸਰਿਸ਼ਟੀ ਬਾਰੇ ਕੀ ਕਹਿਆ ਹੈ,—ਇਸਦਾ ਆਪਣੇ ਰਚਣਹਾਰ ਨਾਲ ਕੀ ਸਨਬੰਧ ਹੈ ?

---

੫. ਮ:੫, ਸਫਾ,੧੦੭੪:—ਪੂਰੇ ਗੁਰ ਕੀ ਪੂਰੀ ਬਾਣੀ
ਪੂਰੈ ਲਾਗਾ ਪੂਰੇ ਮਾਹਿ ਸਮਾਣੀ ,

੬ ਮ:੫,ਸਫਾ ੧੦੭੫:—ਗੁਰੁ ਗੋਪਾਲੁ ਗੁਰੁ ਗੋਵਿੰਦਾ। ਗੁਰੁ ਦਇਆਲੁ ਸਦਾ ਬਖਸਿੰਦਾ। ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ। ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ। ਗੁਰੁ ਸਿਮਰਤ ਜਮ ਸੰਗਿ ਨ ਫਾਸਹਿ। ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ। ਗੁਰ ਕਾ ਸੇਵਕੁ ਨਰਕਿ ਨ ਜਾਏ। ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ।........ਗੁਰਦੁਆਰੈ ਹਰਿ ਕੀਰਤਨੁ ਸੁਣੀਐ।........ ਅਗਮ ਅਗੋਚਰੁ ਗੁਰੂ ਦਿਖਾਇਆ...... ਗੁਰ ਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜਾਇਆ ਗਿਆਨਾ ਹੇ। ਊਚ ਊਨ ਸਭ ਏਕ ਸਮਾਨਾ ਮਨਿ ਲਾਗਾ ਸਹਜਿ ਧਿਆਨਾ ਹੇ। ਗੁਰ ਕੀ ਬਾਣੀ ਸਭ ਮਹਿ ਸਮਾਣੀ। ਆਪਿ ਸੁਣੀ ਤੈ ਆਪਿ ਵਖਾਣੀ। ਜਿਨਿ ਜਿਨਿ ਜਪੀ ਤੇਈ ਸਭ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾ ਹੇ। ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ। ਜੋ ਕਿਛੁ ਕਰੇ ਸੁ ਆਪਣ ਭਾਣੈ,

੩. ਆਪਣੇ ਖਸਮ ਕੀ ਬਾਣੀ ਦੁਆਰਾ ਮਨੁਖ ਨੂੰ ਵਾਹਿਗੁਰੂ ਨਾਲ ਕੇਹੜਾ ਸਨਬੰਧ ਕਿਵੇਂ ਜੋੜਨ ਲਈ ਕਹਿਆ ਹੈ ?

ਅਸੀਂ ਕੇਵਲ ਉਹਨਾਂ ਤੁਕਾਂ ਜਾਂ ਨਾਂਵਾਂ ਵਲ ਵਧੇਰਾ ਧਿਆਨ ਦੁਆਣਾ ਹੈ ਜੋ ਮੂਲੋਂ ਤੇ ਪੂਰਨ, ਗੁਰਸਾਖੀ ਹਨ, ਜਿਹਨਾ ਤੋਂ ਇਹ ਪਰਤੀਤ ਹੋਵੇ ਕਿ ਗੁਰਦੇਵ, ਸਤਿਗੁਰੂ, ਆਦਿਗੁਰੂ, ਜੁਗਾਦਿ ਗੁਰੂ; ਨਿਰੰਕਾਰੀ ਨਾਨਕ ਅਖੀਂ ਦੇਖੀ, ਕੰਨੀ-ਸੁਣੀ ਅਕਥ (ਗਵਾਹੀ) ਕਥ ਰਹਿਆ ਹੈ; ਕੋਈ ਅਨੁਮਾਨੀ, ਫਰਜ਼ੀ, ਵਿਵਾਦੀ, ਉਧਾਰ ਲਈ, ਪੁਰਾਣੀ ਉਗਾਹੀ ਨਹੀਂ ਭਰੀ ਜਾ ਰਹੀ । ਇਹ ਉਗਾਹੀ ਮਹਾਰਾਜ ਦਾ ਅਨੁਭਵ ਪਰਕਾਸ਼ ਹੈ ਅਤੇ ਐਸੀ ਉਗਾਹੀ ਹੈ ਜੋ ਇਕ ਐਸਾ ਦਰਬਾਰੀ ਦਰਗਾਹੀ ਹੀ ਦੇ ਸਕਦਾ ਹੈ ਜਿਸਨੇ ਪੂਰਨ ਸੁਤੰਤਰਤਾ ਪਾਈ, ਮਾਣੀ ਹੋਈ ਹੈ, ਜੋ ਹਰ ਪਰਕਾਰ ਦੀ ਗੁਲਾਮੀ ਤੋਂ ਅਜ਼ਾਦ ਹੈ, ਜੋ ਪੂਰਨ ਅੰਨਦਾਨੰਦ ਹੈ ਅੰਤੇ ਜਿਸਦਾ ਹਰ ਸੁਆਸ ਅੰਮ੍ਰਿਤ ਦੀ ਬਰਖਾ ਕਰਦਾ ਹੈ, ਜਿਸਨੂੰ ਵਾਹਿਗੁਰੂ ਨਾਲ, ਬ੍ਰਹਮੰਡਾਂ ਨਾਲ, ਸੁਹਿਰਦ ਮਨੁਖਾਂ ਨਾਲ ਅਭੇਦਤਾ ਦਾ ਅਨੁਭਉ ਹੈ ।

ਵਾਹਿਗੁਰੂ ਦਾ ਸਰੂਪ

ਏਸੇ ਤਰਤੀਬ ਨਾਲ ਮਾਰੂ ਰਾਗ ਦੀ ਬਾਣੀ ਵਿਚ ਜਗਤ ਗੁਰੂ ਜੀ ਨੇ ਸਰੂਪ ਲਖਾਇਕ ਨਾਮ, ਪ੍ਰਤੀਕ, ਗੁਣ ਵਾਚਕ ਸਮਾਸ ਉਚਾਰੇ ਹਨ :—

ਸਾਜਨ, ਨਿਰਮਾਇਲ, ਸਾਗਰ, ਰਸੀਆ, ਖਸਮ, ਪ੍ਰੀਤਮ ਨਾਥ, ਅੰਮ੍ਰਿਤਸਰ, ਪਰਮ ਸੰਜੋਗੀ, ਬਾਬਾ, ਨਾਥ, ਪੂਰੈ (ਗੁਰਿ), ਵੇਬਾਣੀ, ਸਾਹਿਬੁ, ਗੁਸਾਈ, ਠਾਕੁਰ, ਨਿਰਭਉ, ਕਰਤੈ, ਬ੍ਰਹਮ, (ਪੂਰਾ) ਰਖਵਾਲਾ, ਹਰਿ, ਨਾਰਾਇਣੁ, ਆਤਮ, ਸਰਬ ਕਲਾ ਭਰਪੂਰਾ, ਵੇਪਰਵਾਹ, ਗੁਰੁ, ਅਜਾਚੀ, ਨਿਜ ਘਰਿ, ਨਾਮੁ ਅੰਮ੍ਰਿਤੁ, ਸਾਹੁ, ਸਹ, ਅਗਮੁ, ਨਿਰੰਜਨੁ, ਮੁਕਤਿ ਤ੍ਰਿਪਤਿ ਵਰਦਾਤਾ, ਦਾਨਾ, ਗੋਰਖੁ,

---

੭ ਮ:੫, ਸਫਾ ੧੦੭੭ । ਮੁਖਿ ਸਾਲਾਹੀ ਸਚੇ ਸਾਹਾ । ਨੈਣੀ ਪੇਖਾ ਅਗਮ ਅਥਾਹਾ । ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ।.........ਡਰ ਚੂਕੇ ਬਿਨਸੇ ਅੰਧਿਆਰੇ । ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥ ......ਸਫਾ ੧੦੮੦-੮੧—

ਜੋ ਪੇਖਾ ਸੋ ਸਭ ਕਿਛੁ ਸੁਆਮੀ । ਜੋ ਸੁਨਣਾ ਸੇ ਪ੍ਰਭ ਕੀ ਬਾਨੀ । ਜੋ ਕੀਨੋ ਸੋ ਤੁਮਹਿ ਕਰਾਇਓ ਸਰਣਿ ਸਹਾਈ ਸੰਤਹ ਤਨਾ .....ਕਾਇਆ ਪਾਤ੍ਰੁ ਪ੍ਰਭ ਕਰਣੈਹਾਰਾ । ਲਗੀ ਲਾਗਿ ਸੰਤ ਸੰਗਾਰਾ । ਸੋਲਹ ਕਲਾ ਸੰਪੂਰਨ ਫਲਿਆ । ਅਨਤ ਕਲਾ ਹੋਇ ਠਾਕੁਰੁ ਚੜਿਆ । ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ ਅੰਮ੍ਰਿਤ ਰਸੁ ਹਰਿ ਭੁੰਚਨਾ ।

ਦਇਆਲੁ, ਨਿਰਾਲਮ, ਰਾਇਆ, ਪਿਰ, ਸਿਵ-ਸਕਤੀ, ਗੁਣਪਰਗਾਸੰ, ਧਇਆ ਪਤਿ, (੧੦੧੪) ਏਕਾ, ਪੁਰਖ, ਦਾਤਾ, ਨਿਰਮਲ, ਅਪਰੰਪਰ, ਜੋਤਿਸਰੂਪੀ ਬਾਲਾ, ਧਨ, ਅਜਰਾਵਰੁ, ਗੋਵਿੰਦਿ (੧੦੧੪), ਸਤਿਗੁਰੁ, ਅਮਰੁ, ਪਰਧਾਨੁ, ਜਟਾ ਬਿਕਟ ਬਿਕਰਾਲ ਸਰੂਪੀ, ਅਕਥ, ਕਿਲਵਿਖੁਕਾਟਣ-ਹਾਰਾ ਬੰਤੁ, ਪਰਮਾਨੰਦੁ, ਕਿਲਵਿਖੁਕਾਟਣਹਾਰਾ, ਬੈਰਾਗੀ, ਤਤੁ, ਬੀਨਾ, ਰੂਪਨ ਰੇਖਿਆ ਕਾਈ, ਅਜਰ, ਅਗੋਚਰ. ਅਲਖ, ਨਾ ਭਿਸ ਮਾਤਪਿਤਾ ਸੁਤ ਭ੍ਰਾਤਾ, ਅਮਰ, ਧਣੀ, ਸੂਰਾ, ਅਮਿਉ, ਅਵਿਗਤੁ, ਪੂਰੋ ਪੂਰਾ, ਸਨਿਨਰਨਾਥ, ਵਖਰੁ, ਅਪਾਰਾ, ਮਾਣਕ, ਚਤੁਰ ਸਰੂਪ, ਕਰਣੀਕਰ, ਤਖਤਿ ਬਹੈ ਅਦਲੀ, ਸਾਚਾ, ਲਾਲਾ, ਆਦਿ ਜੁਗਾਦਿ, ਸਰਬ ਜੋਤਿ, ਮੀਰਾ, ਅਨਾਹਦਿ, ਜਗ ਜੀਵਨਾ, ਪ੍ਰਭੂ, ਮਿਹਰ ਦਇਆ ਪਤਿ ਦਾਤਾ, ਸਾਚੁ ਬ੍ਰਖਸਣਹਾਰ, ਜੋਗੀ, ਰਤਨ, ਭੋਗੀ, ਅੰਤਰਜਾਮੀ, ਭਰਪੂਰਿ ਧਾਰਿਰਹਿਆ, ਸਾਚ ਸ਼ਬਦਿ, ਨਿਹਕੇਵਲੁ, ਤਾਰਣਹਾਰਾ, ਗੁਪਤੁ ਪ੍ਰਗਟੁ ਸਭ ਠਾਈ, ਸਰਬ ਜੀਅ ਪ੍ਰਤਿ ਪਾਲਿ ਸਮਾਲੇ. ਸਿਰਜਣਹਾਰ ਸੋ ਅੰਤਰਿ, ਮੁਰਾਰ, ਅਗਾਹੁ, ਜੁਗੁ ਜੁਗੁ ਸਾਚਾ ਹੈ ਭੀ ਹੋਸੀ, ਅਗਾਧ, ਆਤਮਰਾਮ ਸਖਾਈ, ਨਿਰਾਲਾ, ਸਾਚੀ ਨਗਰੀ ਤਖਤੁ ਸਚਾਵਾ, (ਗੁਰ) ਗੋਪਾਲਾ, ਅਪਰ ਅਪਾਰ, ਮੁਕਤਿ ਕਰੇ ਕਰਿ ਕਿਰਪਾ ਬਖਸ਼ੇ ਅਵਗੁਣ ਕੀਨਾ ਹੇ ਆਦਿ ਨਿਰੰਜਨ, ਭਰਮ ਭਉ ਭੰਜਨ, ਜੋਗੀ ਪੁਰਖੁ, ਅਬਿ-ਰਾਮ (ਨਾਮ), ਖੰਡੇ ਧਾਰ ਗਲੀ ਅਤਿ ਭੀੜੀ, ਸਿਰੰਦਾ, ਲੇਖਾ ਲੀਜੈ, ਅਬਿ-ਨਾਸੀ, ਗੁਰ ਮਹਿ ਆਪੁ ਰਖਿਆ ਕਰਤਾਰੇ (੧੦੨੪), ਭੰਡਾਰੀ, ਦਰਸਨ, ਪਰਮੇਸਰ, ਸਹਜਿ ਮਹਲਹੁ, ਅਭੇਵਾ, ਸਮਦਰਸੀ, ਗਣਕਾਰੀ ਕਰਤਾ, ਆਪੇ ਆਪੇ, ਬੇਅੰਤ, ਕਰਤਾ ਪੁਰਖੁ ਬਿਧਾਤਾ, ਸਭ ਤੇਰੀ ਕੁਦਰਤਿ, ਆਪੇ ਸ੍ਰਿਸਟਿ ਉਪਾਈ ਹੇ ਅਸੁਰ ਸੰਘਾਰਣ ਰਾਮ ਹਮਾਰ ਸਚਿਆਰਾ, ਤਿਸੈ ਸਰੀਕੁ ਨ ਦੀਸੈ ਕੋਈ, ਘਟਿ ਘਟਿ ਰਮਈਆ (ਰਾਮੁ) ਪਿਆਰਾ, ਜੁਗੁ ਜੁਗੁ ਏਕਾ ਏਕੀ ਵਰਤੈ, ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ, ਮੇਲਣਹਾਰਾ, ਏਕੰਕਾਰ, ਪਰਮ ਤਤੁ, ਕਿਰਪਾਲ, (ਸਚੁ) ਤੀਰਥ, ਜੇਤੀ ਹੈ ਤੇਤੀ ਤੁਧੁ ਅੰਦਰਿ, ਰਾਮ ਰਤਨੁ, ਦੇਖਹਿ ਆਪਿ ਬੈਸਿ ਬਿਜ ਮੰਦਰਿ, ਆਤਮ ਰਾਮੁ ਰਾਮੁ ਹੈ ਆਤਮ, ਸਬਦਿ ਵੀਚਾਰੁ, ਪ੍ਰਭ ਦਰਬਾਰੇ, ਗੁਰਦੇਵ, ਅਟਲ, ਸਮਰਥੁ, ਅਡੋਲ, ਪੂਰਾ ਪੁਰਖੁ ਬਿਧਾਤਾ, ਅਤੋਲ, ਘਟਿ ਘਟਿ ਰੂਪੁ ਅਨੂਪੁ, ਕਲਾ ਧਰਿ ਥਾਪੀ, ਭੁਗਤਾ, ਜਗਤ ਪਿਤ, ਤ੍ਰਿਪਤਾ, ਨਿਰਮਲ ਜੋਤਿ, ਮੁਕਤਾ, ਘਟ ਘਟ ਅੰਤਰਿ ਬ੍ਰਹਮੁ, ਮੁਕਤੀਸਰੁ, ਸਿਰਜਣ ਹਾਰਾ, ਕਰਣ ਕਾਰਣ, ਸਚੁ ਪਰਾਖੈ, ਤੁਝ ਤੇ ਉਪਜਹਿ ਤੁਝ [illegible]ਹਿ ਸਮਾਵਹਿ, ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ, ਗੁਰਮੁਖਿ ਸ਼ਬਦ ਸਲਾਹਾ ਹੈ।

ਸਿਰਕਾਰਾ, ਹੁਕਮੁ ਅਪਾਰਾ, ਓਮਾਹਾ, ਸੁੰਨ ਸਮਾਧਿ ਲਗਾਇਦਾ, ਸਚਾ ਪਾਤਿਸਾਹ (੧੦੩੫), ਸਿਰਿ ਸਾਹਾ ਪਾਤਿਸਾਹਾ, ਆਪੇ ਆਪ ਉਪਾਇ ਵਿਗਸੈ, ਆਪੇ ਕੀਤੋ ਖੇਲੁ ਤਮਾਸਾ, ਆਪੇ ਕੀਮਤਿ ਪਾਇਦਾ, ਕਲਾ ਖਿੰਚਿ ਢਾਹਾਇਦਾ, ਕਹਤਾ ਬਕਤਾ ਆਪਿ, ਅਨਹਦ ਰੁਣ ਝੁਣਕਾਰ ਸਦਾ ਧੁਨਿ, ਕਰਿ ਕਰਿ ਵੇਖੈ ਹੁਕਮੁ ਸਬਾਇਆ, ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ, ਨਿਰਾਰਾ,

ਜੋਤਿ ਸਰੂਪ ਸਦਾ ਸੁਖਦਾਤਾ ਆਪੇ ਬਿਗਸਿ ਧਿਆਇਦਾ
ਪਰੇ ਤੋਲਿ ਤੋਲੈ ਵਣਜਾਰਾ ਆਪੇ ਵਰਖੈ ਅੰਮ੍ਰਿਤਧਾਰਾ
ਪ੍ਰੇਮ ਪਦਾਰਥੁ ਹੁਕਮੇ ਦੀਸੈ ਜਗਤੁ ਉਪਾਇਆ

ਹੁਕਮੇ ਸਿਵ ਸਕਤੀ ਘਰ ਵਾਸਾ ਹੁਕਮੇ ਖੇਲ ਖੇਲਾਇਦਾ (੧੦੩੭)

ਹੁਕਮਿ ਉਪਾਏ ਦਸ ਅਉਤਾਰਾ, ਅਡੋਲ, ਪਉਣੁ ਪਾਣੀ ਸੁੰਨੈ ਤੇ ਸਾਜੇ
ਸੁੰਨ ਕਲਾ ਅਪਰੰਪਰਿ ਧਾਰੀ ਸ੍ਰਿਸਟਿ ਉਪਾਇ ਕਾਇਆ ਗੜਰਾਜੇ
ਆਪੇ ਕੁਦਰਤਿ ਕਰਿ ਕਰਿ ਵੇਖੈ ਸੁੰਨੇ ਕਲਾ ਰਹਾਇਦਾ
ਸੁੰਨਹੁ ਸੁੰਨੁ ਉਪਾਇਦਾ ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ

ਸਤਸਰਿ, ਸੁੰਨੇ ਤਾੜੀ ਲਾਇਦਾ, ਸੁੰਨਹੁ ਧਰਤਿ ਅਕਾਸੁ ਉਪਾਏ,

ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ

ਸੁੰਨਹੁ ਖਾਣੀ ਸੁੰਨਹੁ ਬਾਣੀ, (ਸਾਚੈ ਥਾਨਿ ਵਸੈ) ਨਿਰੰਕਾਰਾ, ਸੁਨਹੁ ਉਪਜੀ ਸੁੰਨਿ ਸਮਾਣੀ, ਦੁਖ ਭੈ ਭੰਜਨੁ, ਰਜ ਤਮ ਸਤ ਕਲ ਤੇਰੀ ਛਾਇਆ, (ਕਾਲੈ ਕਵਲ) ਨਿਰੰਜਨੁ ਜਾਣੈ, ਸੁੰਨਹੁ ਉਪਜੇ ਦਸ ਅਵਤਾਰਾ, ਪਰਖਣ ਹਾਰਾ; ਵਣਜਾਰਾ, ਪੰਚ ਤਤੁ ਸੁੰਨਹੁ ਪਰਗਾਸਾ, ਬਨਵਾਰੀ ਸੁੰਨ ਸਮਾਧਿ ਸਚੇ ਘਰ ਬਾਰਾ, ਨਿਹਕੇਵਲੁ, ਦੀਨ ਦਇਆਲਾ, ਅਕੁਲ ਨਿਰੰਜਨ, ਜਗੁ ਤਿਸ ਕੀ ਛਾਇਆ, ਗਰਬੁ ਗਵਾਏ, ਅਜਰਾਵਰੁ, ਅਪਰੰਪਰੁ, ਅਕਾਲ ਪੁਰਖੁ, ਰਸਾਇਣ, ਪੁਰਖੁ ਅਲੇਖ, ਪਰਮਪਦੁ, ਕਾਲ ਬਿਕਾਲ ਕੀਏ ਇਕ ਗ੍ਰਾਸਾ, ਕ੍ਰਿਸਨਿ, ਉਤਮ ਜਨ ਸੰਤ ਭਲੇ ਹਰਿ ਪਿਆਰੇ, ਗੋਵਰਧਨ ਧਾਰੇ, ਕੇਵਲ ਬੈਰਾਗੀ, ਜਗਦੀਸਰੁ, ਬੇਣੁ ਰਸਾਲ, ਜਗੰਨਾਥੁ, ਅਡੋਲੁ, ਜੋ ਬ੍ਰਹਮੰਡਿ, ਖੰਡਿ ਸੋ ਜਾਣਹੁ ਅਮੋਲਕੁ, ਹਰਿ ਅਸਥਿਰ ਥਾਨਿ ਸੁਹਾਇਆ, ਜੋਤਿ, ਪੁਰਖੁ ਅਤੀਤੁ ਨਿਰਾਲਾ, ਜਿਉ ਚਮਕਿ ਚੰਦ੍ਰਾਇਣੁ, ਸਚੇ ਦੀਵਾਨਾ, ਆਨੰਦ ਰੂਪ, ਸਚੁ ਨੀਸਾਨਾ, ਅਨੂਪ ਸਰੂਪਾ, ਸਰਬ ਨਿਰੰਜਨ, ਤ੍ਰਿਭਵਣਿ ਬ੍ਰਹਮੁ ਸਬਾਇਆ, ਅਦਲ ਕਰੇ, ਅਨਭਉਪਦੁ, ਅਦ੍ਰਿਸਟ, ਹੀਰਾ, ਜਸੁ, ਪਦਾਰਥੁ, ਸਬਦਿ ਨਿਰੰਜਨੁ, ਆਪਿ ਅਲੇਖੁ ਕੁਦਰਤਿ ਹੈ ਦੇਖਾ, ਅਜੋਨੀ ਸੰਭਉ, ਸਹਜ, ਅਲਿਪਤੁ, ਅੰਮ੍ਰਿਤਰਸੁ, ਕੁਦਰਤਿ ਕਰਨੈਹਾਰ ਅਪਾਰਾ, ਹੁਕਮ ਚਲਾਇ ਰਹਿਆ ਭਰਪੂਰੇ, ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ, ਜਿਸ ਕਉ ਮੇਲੈ ਸੁਰਤਿ ਸਮਾਏ, ਅੰਤਿ ਸਖਾਈ, ਮਹਲਿ, ਹਰਿ ਮੰਦਰ, ਸਮੁੰਦੁ ਅਥਾਹਾ, ਅੰਮ੍ਰਿਤਸਰਿ (੧੦੪੩), ਸੰਤੋਖੁ ਸਰ (੧੦੪੩), ਸੰਸਾ ਦੂਖ ਬਿਨਾਸਨੁ, ਹਰਿ ਗੁਰ ਮੂਰਤਿ ਏਕਾ ਵਰਕੇ।

ਵੇਰਵਾ

੪੦੦ ਤੋਂ ਉਤੇ ਵਰਹੇ ਹੋ ਗਏ, ਕਿਸੇ ਨੇ ਜਗਤਗੁਰੂ ਦੇ ਦੱਸੇ ਵਾਹਿਗੁਰੂ ਸਰੂਪ ਦਾ ਠੀਕ ਠੀਕ ਤੇ ਪੂਰਾ ਤਰਤੀਬੀ ਵਰਨਣ ਨਹੀਂ ਕੀਤਾ। ਸੋ ਅਸੀਂ ਅਜ ਇਹ ਕਰਨ ਦਾ ਜਤਨ ਕਰ ਰਹੇ ਹਾਂ॥ ਉਤੇ ਤੋਂ ਹੇਠਾਂ ਅਸੀਂ ਉਸ ਸਰੂਪ ਦਾ ਏਦਾਂ ਦਰਸ਼ਨ ਕਰਦੇ ਹਾਂ—

੧. ਉਹ ਨਿਰੰਕਾਰ ਪੁਰਖ ਹੈ, ਆਪੇ ਆਪ ਹੈ।

੨. ਸਰਿਸ਼ਟੀ ਕਰਮ ਜਾਂ ਲੀਲਾ, ਖੇਲ, ਰਚਨਾ, ਪਸਾਰੇ ਦੇ ਖਿਆਲ, ਸਨਬੰਧ ਨਾਲ ਓਹ ਏਕੰਕਾਰ ਪੁਰਖ ਹੈ, ਪਰ ਨਾਲ ਹੀ ਅਲੇਪ, ਨਿਰਜੋਗ, ਨਿਹਕੇਵਲ ਹੈ, ਨਿਰਾਲਮ ਹੈ, ਨਿਰਾਲਾ ਹੈ।

੩. ਇਕ ਕਰਤਾ ਹੋਣ ਦੀ ਹੈਸੀਅਤ ਵਿਚ ਕਰਤਾ ਪੁਰਖ ਹੈ, ਅਕਾਲ ਮੂਰਤ ਅਜੂਨੀ ਸੰਭਉ ਹੈ, ਸਤਿ ਹੈ, ਨਾਮ ਹੈ। ਰਚਨਾ ਕਰਦਾ ਹੈ ਓਅੰਕਾਰ, ਸ਼ਬਦ, ਹੁਕਮ ਨਾਲ ਅਤੇ ਰਚਨਹਾਰ ਸਿਰਜਨਹਾਰ ਦੀ ਹੈਸੀਅਤ ਵਿਚ ਉਹ ਦਇਆਲ ਹੈ, ਬਖਸ਼ਨਹਾਰ ਹੈ, ਗੁਰਪਰਸ਼ਾਦ ਹੈ। ਉਸ ਦਾ ਅਡੋਲ ਦਰਬਾਰ ਹੈ, ਦਰਗਾਹ ਹੈ। ਉਸ ਦੀ ਲੀਲਾ ਦਾ ਕੋਈ ਮੰਤਵ, ਮਕਸਦ ਨਹੀਂ। ਸਚ ਖੰਡ ਵਿਚ ਵਸਦਾ ਹੈ ਤੇ ਵੇਖ ਵੇਖ ਵਿਗਸਦਾ ਹੈ ਤੇ ਨਦਰ ਨਾਲ ਨਿਹਾਲ ਕਰਦਾ ਹੈ। ਰਜ਼ਾ ਉਸ ਦੀ ਸਦਾ ਸੁਤੰਤਰ, ਚਾਲੂ ਹੈ ਜਿਵੇਂ ਉਸ ਦਾ ਹੁਕਮ ਚਾਲੂ ਹੈ।

੪. ਜੋ ਚੀਜ਼—ਸ਼ਕਤੀ, ਹੋਂਦ, ਉਸ ਇਕ ਨੇ ਦੂਜੀ, ਦੂਜੀ ਕਰਕੇ ਬਣਾਈ ਹੈ ਜੋ ਸਮੂਹ ਪਰਗਟਾਵੇ ਦਾ ਰੂਪ ਹੈ, ਉਹ ਹੈ ਕੁਦਰਤ ਜਿਸ ਨੂੰ ਉਹ ਚਾਉ ਨਾਲ ਵੇਖਦਾ, ਚਲਾਂਦਾ, ਸ਼ੁਰੂ ਕਰਦਾ ਤੇ ਕਲਾ ਖਿਚ ਕੇ ਅੰਤਦਾ, ਮੁਕਾਂਦਾ ਹੈ। ਉਸ ਦਾ ਨਾਂ ਸ਼ਕਤੀ ਹੈ ਕੁਦਰਤ ਹੈ, ਮਾਇਆ ਹੈ, ਕਾਲ ਹੈ, "ਤ੍ਰਿਨ ਗੁਣ" ਹੈ, ਦੂਈ ਹੈ, ਦਰਿਸ਼ਟਮਾਨਤਾ ਹੈ।

੫ ਮ. ੧ (ਸਫੇ ੧੨੮੦—੧):—

ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਾਸਿਆ
ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ
ਦੋਵੈ ਤਰਫਾ ਉਪਾਇ ਇਕੁ ਵਰਤਿਆ
ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ
ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ
ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ
ਓਥੈ ਸਤਿਗੁਰ ਬੇਲੀ ਹੋਵੈ ਕਢਿ ਲਏ ਅੰਤੀਵਾਰ
ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ
ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ

ਰਚਨਾ ਤੇ ਰਚਨਹਾਰ ਦਾ ਰਿਸ਼ਤਾ

ਸਭ ਸੰਸਾਰ ਖਿਨ ਖਿਨ ਉਪਜਦਾ ਬਿਨਸਦਾ ਰਹਿੰਦਾ ਹੈ। ਜਿਥੋਂ ਤੀਕ ਉਸ ਕਰਤੇ ਪੁਰਖ ਦੀ ਸਤਹ ਦਾ ਤਅਲਕ ਹੈ, ਉਸ ਨੇ ਕਰੋੜਾਂ ਮਾਇਆਂ ਨੂੰ ਕਾਰੇ ਲਾਇਆ ਹੋਇਆ ਹੈ ਤੇ ਮਾਇਆਂਵਾਂ ਦਾ ਰਚਨਾ ਤੇ ਤਬਾਹੀ ਕਰਮ ਅੱਖ ਦਾ ਖੋਲਣਾ ਬੰਦ ਕਰਣਾ ਝਮਕਣਾ ਹੀ ਹੈ, ਕਿਉਂ ਜੋ ਉਸ ਦਾ ਵਕਤ ਹੋਰ ਹੀ ਹੈ, ਅੱਤ ਵਡਾ ਹੈ॥ ਰਚਨਾ ਦਾ ਆਦ ਅੰਤ ਹੈ।

੬. ਰਚਨਾ ਦਾ ਕਾਰਜ ਇਉਂ ਹੈ। ਪਹਿਲਾਂ ਉਹ ਤਾੜੀ ਲਾਂਦਾ ਹੈ, (ਸੁੰਨ) ਸਮਾਧੀ ਵਿਚ ਬੈਠਦਾ ਹੈ, ਫੇਰ ਧੁੰਧੂਕਾਰ ਉਪਜਦਾ ਹੈ, ਫੇਰ ਮਹਾਸੁੰਨ, ਫੇਰ ਸੁੰਨ ਤੇ ਸੁੰਨ ਤੋਂ ਉਹ ਕਰਤਾ ਪੁਰਖ, ਬਾਜੀਗਰ, ਲੀਲਾਧਾਰ, ਸਰਬ ਕਲਾ ਭਰਪੂਰ ਕਲਾਧਾਰੀ, ਕਾਲ, ਜਾਲ, ਮਾਇਆ, ਮੋਹ, ਗੁਣ, ਬ੍ਰਹਮੰਡ, ਖੰਡ, ਅੰਡ, ਜੀਅ,

ਜੋਤ ਬਾਹਰ ਕਢ ਵਿਖਾਂਦਾ ਹੈ । ਸੁੰਨੋਂ ਹੀ ਵਕਤ, ਥਾਂਵਾਂ, ਅਵਤਾਰ, ਦੇਵਤੇ ਸਭ ਕੁਝ ਕਢਦਾ ਹੈ । ਅਤੇ ਫਿਰ ਉਨਹਾਂ ਨੂੰ ਗੁਪਤ ਕਰ ਦੇਂਦਾ ਹੈ । ਇਹ ਗੁਪਤ ਪਰਗਟ ਕਿਰਿਆ ਹੁੰਦੀ ਹੀ ਰਹਿੰਦੀ ਹੈ । ਅਨੇਕ ਅਨੇਕ ਵਾਰੀ ਪਸਾਰਾ ਪਸਾਰਦਾ ਹੈ । ਬਾਰ ਬਾਰ ਇਹੀ ਓਪਤ ਖਪਤ ਹੁੰਦੀ ਰਹਿੰਦੀ ਹੈ । ਪਸਾਰੇ ਦਾ ਕੋਈ ਅੰਤ ਨਹੀਂ । ਕੋਟਾਨ ਕੋਟ ਬ੍ਰਹਮੰਡ ਹਨ । ਕੋਟਾਨ ਕੋਟ ਮਾਇਆ ਹਨ । ਕਰਤੇ ਦੇ ਅਨੇਕ ਵੇਸ ਹਨ । ਇਹਨਾਂ ਸਭ ਪਸਾਰਿਆਂ ਨੂੰ ਉਹ ਆਪਣੇ ਹੁਕਮ ਵਿਚ ਪਰੋਈ ਰਖਦਾ ਹੈ । ਜੋ ਬ੍ਰਹਮੰਡ ਵਿਚ ਹੈ ਉਹ ਖੰਡ ਵਿਚ ਹੈ, ਅਰਥਾਤ ਦੋਹਾਂ ਦਾ ਪੈਟਰਨ ਤੇ ਅਮਲ ਇਕੋ ਹੀ ਹੈ । ਜੇਤੀ ਹੈ ਤੇਤੀ ਉਸੇ ਦੇ ਅੰਦਰ ਹੈ ।

ਮਨੁਖ ਦੀ ਹੈਸੀਅਤ ਤੇ ਮਹੱਤ

੭. ਉਸ ਦੀ ਹੋਂਦ ਦਾ ਮਨੁਖ ਨੂੰ ਅਹਿਸਾਸ ਉਸ ਦੇ ਨਾਮ ਰੂਪ ਦੁਆਰਾ ਹੁੰਦਾ ਹੈ । ਆਪਣੇ ਨਾਂ ਵੀ ਉਹ ਆਪ ਹੀ ਦੇਂਦਾ ਹੈ ਤੇ ਆਪਣੇ ਰੂਪ ਵੀ ਆਪ ਲਖਾਂਦਾ ਹੈ । ਏਸੇ ਲਈ ਉਸ ਦੇ ਵਧੀਆ ਮੁਨਾਸਬ ਨਾਂ—ਰੂਪ ਹਨ ਗੁਰੂ ਸਤਿਗੁਰੂ । ਹਰ ਸਿਰਜੀ ਚੀਜ਼ ਦੇ ਅਰਥਾਤ ਹਰ ਵਿਚਾਰਹਰ ਨਾਮ ਰੂਪ ਵਿਚੋਂ ਉਹ ਨਜ਼ਰ ਆ ਸਕਦਾ ਹੈ ਜੇ ਉਹੀ ਆਪ ਮਿਹਰ ਕਰੇ, ਗੁਰੂ ਬਣ ਕੇ ।

੮. ਮਨੁਖ ਨੂੰ ਉਸ ਨੇ ਆਪਣੇ ਵਾਂਗ "ਪੁਰਖ" ਬਣਾਇਆ ਹੈ, ਸਿਕਦਾਰੀ ਦਿਤੀ ਹੈ, ਵਿਸ਼ੇਸ਼ਤਾ ਦਿਤੀ ਹੈ ਅਤੇ ਹੁਕਮ ਦਿਤਾ ਹੈ ਕਿ ਆਪਣੇ ਆਪ ਨੂੰ, ਮੈਂਨੂੰ, ਆਤਮ ਰਾਮ ਨੂੰ ਪਛਾਣ, ਗੁਰੂ ਗੋਬਿੰਦ ਦੀ ਸਰਨੀ ਪੈਕੇ, ਸੇਵਾ ਕਰਕੇ, ਭਾਣੇ ਵਿਚ ਚਲ ਕੇ, ਪਰੇਮ-ਮਹਬਤ ਦਾ ਸਾਕ ਗੰਢ ਕੇ, ਪਤਨੀ ਮਿਤੱਰ ਬਣਕੇ, ਬਾਣੀ-ਸ਼ਬਦ ਨੂੰ ਸੁਣ ਕੇ, ਮੰਨ ਕੇ, ਵਿਚਾਰ ਕੇ । ਇਉਂ ਕਰਨ ਨਾਲ ਮਨੁਖ ਏਕੰਕਾਰ ਨਾਲ ਅਭੇਦ ਹੋ ਜਾਂਦਾ ਹੈ, ਦੂਈ—ਕੁਦਰਤ ਤੋਂ ਪਰੇ ਵੇਖ ਸਕਦਾ ਹੈ ਤੇ ਵੇਖ ਲੈਂਦਾ ਹੈ ਤੇ ਹਰ ਪਰਕਾਰ ਦੀ ਦਵੈਤਾਂ ਤੋਂ ਨਿਰਮਲ ਹੋ ਜਾਂਦਾ ਹੈ । ਬ੍ਰਹਮ ਗਿਆਨੀ ਬਣ ਕੇ ਬ੍ਰਹਮ ਹੀ ਹੋ ਜਾਂਦਾ ਹੈ, ਹਰੀ ਜਨ ਹੋਕੇ ਹਰੀ ਹੀ ਹੋ ਜਾਂਦਾ ਹੈ ।

੯. ਮਨੁਖ ਦੀ ਜੂਨ ਵਿਚ ਪੂਰੇ ਗੁਰੂ ਦੀ ਪੂਰੀ ਦੀਖਿਆ ਨਾਲ ਹਰੀ ਆਪਣੇ ਆਪ ਵਲ ਮੋੜਾ ਪਾਂਦਾ ਹੈ ਤੇ ਇਉਂ ਸਿਰਜਨਾ ਦੇ ਦਾਇਰੇ ਨੂੰ ਪੂਰਨ ਕਰਦਾ ਹੈ, ਖੇਲ ਪੁਗਾਂਦਾ ਹੈ। ਉਹ ਪੁਰਖ ਇਹ ਪੁਰਖ ਹੋਇਆ ਵਿਗਸ ਕੇ ਤੇ ਇਹ ਪੁਰਖ ਫਿਰ ਉਹਦੀ ਮਰਜ਼ੀ ਨਾਲ ਉਹ ਪੁਰਖ ਹੋ ਗਇਆ ।

੧੦. ਇਸ ਸਾਰੇ ਪਸਾਰੇ ਨੂੰ ਚਲਾਣ ਵਾਲੀਆਂ ਦੋ ਹੀ ਚੀਜ਼ਾਂ ਹਨ, ਦੋ ਰੂਪ ਹਨ, ਉਸ ਦੇ ਇਕ ਹੁਕਮ ਦੇ: ਮੋਹ ਤੇ ਪਰੇਮ, ਜਾਂ ਦੋਸਤੀ ਦੇ ਵੈਰ, ਜਾਂ ਡਰ, ਭਉ ਤੇ ਭਾਉ ; ਸੰਜੋਗ ਤੇ ਵਿਜੋਗ; ਪਾਪ ਤੇ ਪੁੰਨ; ਜਾਂ ਗੁਲਾਮੀ ਤੇ ਆਜ਼ਾਦੀ, ਬੰਧਨ ਤੇ ਮੁਕਤੀ ; ਜਾਂ ਮੌਤ ਤੇ ਜੀਵਨ, ਮਨਮੁਖਤਾ ਤੇ ਗੁਰਮੁਖਤਾ; ਹਉਮੈ ਤੇ ਹੁਕਮ । ਗੁਰਮੁਖ ਬਣਨਾ ਮੁਕਤ ਹੋਣਾ ਹੈ । ਮੁਕਤੀ ਮਿਲਦੀ ਹੈ ਪਹਿਲਾਂ ਬੰਦੀ

ਵਿਚ ਪਵ, ਪਹਿਲਾ ਮਰ, ਫਿਰ ਜੀਓ ਅਮਰ ਜੀਵਨ; ਪਹਿਲਾਂ ਭੁਲੋ ਫਿਰ ਯਾਦ ਕਰੋ, ਫਿਰ ਆਪ ਨਾਮ-ਰੂਪ ਹੋ ਜਾਉ। ਗੁਰਮੁਖ ਬਣਨਾ ਇਕ ਘਾਲ , ਇਕ ਇਨਾਮ ਹੈ, ਇਕ ਛੁਟਕਾਰਾ ਹੈ, ਇਕ ਅੰਨਦ ਹੈ, ਇਕ ਪੂਰਨਤਾ ਹੈ, ਇਕ ਸਰਬ-ਸਾਂਝ ਹੈ। ਪਰੇਮ ਦੁਆਰਾ ਇਕ ਹੋਣ ਵਿਚ (identification) ਉਸ ਦੇ ਰੰਗ ਵਿਚ ਰੰਗੀਣ ਤੇ ਫੇਰ ਉਹੀ ਹੋ ਜਾਣ ਵਿਚ ਹੀ ਪੂਰਣਤਾ ਹੈ। ਖੇਡ ਤਦੇ ਪੂਰੀ ਹੈ ਜੋ ਪੂਰੇ ਪ੍ਰਭੂ ਦੀ ਪੂਰਨ ਕਿਰਪਾ ਨਾਲ ਪੂਰਾ ਗੁਰੂ ਮਿਲੇ, ਫਿਰ ਸਿਖ ਪੂਰਾ ਹੋ ਕੇ ਪੂਰੇ ਗੁਰੂ ਨਾਲ ਤੇ ਪੂਰੇ ਪ੍ਰਭੂ ਨਾਲ ਇਕੋ ਹੋ ਜਾਵੇ ਤੇ ਸ਼ਰੀਰ ਧਾਰੀ ਹੁੰਦਿਆਂ ਹੋਇਆਂ ਵੀ, ਦੇਹ ਦੇ ਬਾਵਜੂਦ ਵੀ, ਸਿਖ-ਗੁਰੂ ਦੀ ਸੰਧੀ ਮਿਲੀ ਰਹੇ ਤੇ ਆਤਮ ਰਾਮ ਇਕੋ ਹੀ ਜਾਪਣ ਤੇ ਗੁਰ ਪਰਮੇਸਰ ਵਿਚ ਕੋਈ ਫ਼ਰਕ ਨਾ ਭਾਸੇ। ਪੂਰੀ ਅਜ਼ਾਦੀ ਰੱਬ ਨੂੰ ਜਾਨਣ ਵਿਚ ਨਹੀ, ਆਪਣੇ ਆਪ ਤੇ ਕੁਦਰਤ ਨੂੰ ਜਾਣ ਕੇ ਰੱਬ ਹੋਣ ਵਿਚ ਹੈ। ਰੱਬ ਦੇ ਬਗੈਰ ਹਰ ਕੁਝ ਹੈ ਹੀ ਨਹੀਂ। ਸਚ ਕੋਈ ਅਸੂਲ, ਕੋਈ ਗਿਆਨ, ਵਿਗਿਆਨ ਨਹੀਂ। ਸਚ ਤਾਂ ਉਸ ਸਚਿਆਰ ਦਾ ਹੀ ਨਾਂ ਹੈ, ਉਸ ਦੀ ਹੋਂਦ ਦਾ ਇਸ਼ਾਰਾ ਹੈ। ਅਸਤ ਤੋਂ ਸਤ ਹੋ ਜਾਣਾ ਹੈ ਮਨੁਖ ਨੇ। ਪਰ ਅਜੇਹਾ ਪੁੱਗਾ ਪੂਰਨ ਮਨੁਖ ਕੋਟਾਂ ਵਿਚ ਕੋਈ ਹੁੰਦਾ ਹੈ। ਬਾਕੀ ਦਾ ਸੰਸਾਰ ਏਦਾਂ ਹੀ ਦੁਖ ਵਿਚ, ਦਵੈਤਾ ਵਿਚ, ਭਉ ਤੇ ਵਰ ਵਿਚ ਭੁਲਿਆ ਫਿਰਦਾ ਹੈ। ਫਿਰਦਾ ਨਹੀਂ, ਫਿਰਾਇਆ ਜਾਂਦਾ ਹੈ। ਪੁਜਾਣਾ ਪੁਗਣਾ ਉਸ ਦੀ ਮਰਜੀ ਦਾ ਬੇਪਰਵਾਹ ਖੇਲ ਹੈ। ਕੋਈ ਉਸ ਦੀ ਮਰਜ਼ੀ ਨੂੰ ਮਜਬੂਰ ਨਹੀਂ ਕਰ ਸਕਦਾ, ਉਸ ਦੇ ਹੁਕਮ ਨੂੰ ਉਲੰਘ ਨਹੀਂ ਸਕਦਾ, ਨਾ ਪਾਪ ਨਾਲ ਨਾ ਪੁੰਨ ਨਾਲ, ਨਾ ਗਿਆਨ ਨਾਲ ਨਾ ਅਗਿਆਨ ਨਾਲ। ਬਖ਼ਸ਼ਣਾ, ਨਾ ਬਖ਼ਸ਼ਣਾ ਉਸ ਦੇ ਹਥ ਹੈ। ਹੁਕਮ ਉਸ ਦਾ ਸਦਾ ਚਾਲੂ ਹੈ ਤੇ ਲਿਖਿਆ ਹੈ ਪਰ ਕਲਮ ਦਵਾਤ ਨਾਲ ਕਾਗ਼ਜ਼ ਤੇ ਨਹੀਂ ਲਿਖਿਆ। ਉਸ ਦੀ ਬੇਪਰਵਾਹੀ, ਮੁਖ਼ਤਿਆਰੀ, ਸਾਨੂੰ ਬੇ ਬਸ ਨਹੀਂ ਬਣਾਂਦੀ; ਸਾਡੇ ਅੰਦਰ ਬਿਸਮਾਦ ਉਪਜਾਂਦੀ ਅਤੇ ਸਾਨੂੰ ਉਹਦ ਵਲ ਜਾਣ ਤੇ ਪਰੇਰਦੀ ਹੈ, ਉਤਾਵਲਾ ਬਣਾਂਦੀ ਹੈ ਤਾਂ ਜੋ ਅਸੀਂ ਵੀ ਉਸ ਬੇਸ਼ਰੀਕ ਦੀ ਅਥਾਹ ਮਾਲਕੀ ਵਿਚ ਪਰੇਮ ਦੁਆਰਾ, ਕਿਸੇ ਰਿਸ਼ਤੇ ਦੁਆਰਾ ਸਾਂਝੀ ਬਣੀਏ ॥

ਉਪਰ ਜੋ ਕੁਝ ਅਸੀਂ ਲਿਖਿਆ ਹੈ ਉਸ ਨਾਲ ਪਾਠਕ ਦੀ ਪੂਰੀ ਤਸੱਲੀ, ਤ੍ਰਿਪਤਾ ਨਹੀਂ ਹੋਈ, ਏਸ ਦਾ ਸਾਨੂੰ ਪਤਾ ਹੈ, ਅਸੀਂ ਖ਼ੁਦ ਵੀ ਸਨਤੁਸ਼ਟ ਨਹੀਂ। ਇਕ ਵਾਰੀ ਫੇਰ ਸੁਆਲ ਕਰਦੇ ਹਾਂ: ੧. ਖ਼ੁਦਾ ਦੀ ਆਦਿ ਗੁਰੂ ਜੀ ਅਨੁਸਾਰ, ਕੇਹੋ ਜਹੀ composite ਸਮੂਹੀ ਤਸਵੀਰ ਹੈ, ੨. ਸਰਿਸ਼ਟੀ ਆਪਣੇ ਕਰਤਾ ਨਾਲ ਕਿੱਦਾਂ ਜੁੜੀ ਹੋਈ ਹੈ ? ੩. ਮਨੁਖ ਦਾ ਭਗਵਾਨ ਨਾਲ ਕੇਹੋ ਜਹਿਆ ਸਾਕ ਹੋਣਾ ਚਾਹੀਦਾ ਹੈ ਤਾਂ ਜੋ ਮਨੁਖ ਦੀ ਅਜ਼ਾਦੀ, ਅਕਲਮੰਦੀ, ਅਸਾਇਸ਼, ਤਰੱਕੀ, ਤਾਕਤ, ਏਕਤਾ ਤੇ ਵਿਅਕਤਿਤਵ ਤੇ ਹਰਫ਼ ਨਾ ਆਏ, ਉਸ ਨੂੰ ਸੇਕ ਨ ਲਗੇ। ਜੁਆਬਾਂ ਲਈ ਹੁਣ ਅਸੀਂ ਸਾਰਾ ਅੰਮ੍ਰਿਤ ਸਾਗਰ ਮਥਦੇ ਹਾਂ।

੧. ਵਾਹਿਗੁਰੂ ਇਕ ਹੈ; ਪੂਰਨ ਸਮਰਥ ਹੈ; ਉਸ ਦਾ ਹੁਕਮ ਸਭ ਤੇ ਚਲਦਾ ਹੈ। ਸਭ ਉਸ ਵਿਚ, ਉਸ ਦੇ ਹੁਕਮ ਵਿਚ ਹੈ; ਉਸ ਦੇ ਬਾਰੇ ਕੁਝ ਨਹੀਂ ਕਹਿਆ ਜਾ ਸਕਦਾ। ਹਾਂ ਗੁਰੂ ਦੁਆਰਾ ਉਹ ਹਰ ਥਾਂ ਅੰਦਰ ਬਾਹਰ ਮਹਿਸੂਸਿਆ ਜਾ ਸਕਦਾ ਹੈ। ਉਸ ਵਿਚ ਤੇ ਉਸ ਦੇ ਨਾਮ ਵਿਚ ਕੋਈ ਅੰਤਰ ਨਹੀਂ। ਉਹ ਜੋਤ ਹੈ ਪਰਮ, ਉਹ ਸ਼ਬਦ ਨਾਦ ਹੈ ਪਰਮ, ਉਹ ਸ਼ਕਤੀ ਹੈ ਪਰਮ, ਉਹ ਅਨੰਦ ਤੇ ਰਸ ਤੇ ਸੁੰਦਰਤਾ ਹੈ ਪਰਮ, ਉਹ ਦਇਆ ਹੈ, ਨਿਆਂ ਹੈ, ਗਿਆਨ ਹੈ ਵਿਗਿਆਨ ਹੈ, ਉਹ ਨੇੜੇ ਵੀ ਹੈ ਦੂਰ ਵੀ। ਉਸ ਦੀ ਰਜ਼ਾ ਹੈ, ਹੁਕਮ ਹੈ। ਉਸ ਦੀ ਦਰਗਾਹ ਹੈ, ਦਰ ਹੈ। ਉਹ ਪੁਰਖ ਹੈ, ਭਾਵੇਂ ਨਿਰੰਕਾਰ ਹੈ ਭਾਵੇਂ ਏਕੰਕਾਰ, ਭਾਵੇ ਅਕਾਲ ਹੈ ਭਾਵੇਂ ਕਾਲ। ਸੁੰਨ ਉਸਦੀ ਇਕ ਕਲਾ ਹੈ। ਜੋ ਉਹਨੂੰ ਪਸੰਦ ਹੈ ਭਾਉਂਦਾ ਹੈ, ਉਹੀ ਪਰਵਾਨ ਹੈ। ਉਸ ਤੋਂ ਡਰਨਾ ਤੇ ਉਸ ਨਾਲ ਭਾਉ ਕਰਨ ਵਿਚ ਹੀ ਸੁਖ ਹੈ। ਸਿਆਣਪ, ਹਠ ਕੁਝ ਕੰਮ ਨਹੀਂ ਆਉਂਦੇ।

ਨਿਰੰਕਾਰ, ਮਹਾਸੁੰਨ ਤੇ ਪਰਾ ਸ਼ਬਦ ਇਕੋ ਹੀ ਪਦਵੀ ਤੇ ਹਨ। ਪਰਾਤਪਰ ਜਾਂ ਅਪਰੰਪਰ ਉਹੀ ਹੈ ਜੋ ਮਹਾਂ ਸੁੰਨ ਹੈ; ਅਤੇ ਪਰਾ ਬਾਣੀ ਜਾਂ ਸ਼ਬਦ ਓਸ ਅਤੀਤ ਸੁੰਨ ਤੋਂ ਵੱਖਰਾ ਨਹੀਂ; ਪਰਮ ਸੁੰਨ ਤੇ ਪਰਾ ਬਾਣੀ ਓਸ ਅਪਰੰਪਰ ਤੋਂ ਅਲਗ ਨਹੀਂ। ਨਿਰੰਕਾਰ, ਏਕੰਕਾਰ ਤੇ ਓਅੰਕਾਰ ਨੂੰ ਭਲੀ ਪਰਕਾਰ ਸਮਝਣਾ ਚਾਹੀਦਾ ਹੈ। ਜਦ ਆਕਾਰ ਨਹੀਂ ਹੁੰਦਾ ਤਾਂ ਕੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸਟ ਵਿਚ ਇਸ ਭੇਦ ਨੂੰ ਬਹੁਤ ਸਾਫ਼ ਸਾਫ਼ ਦੱਸ ਦਿੱਤਾ ਹੈ। ਰਾਗੁ ਗਉੜੀ ਗੁਆਰੇਰੀ, ਚਉਪਦੇ ਦੁਪਦੇ ਵਿਚ ਮਹਲਾ ੧ ਫ਼ਰਮਾਂਦੇ ਹਨ:—

੧. ਤੁਧ ਬਿਨ ਦੂਜੀ ਨਾਹੀ ਜਾਇ। ਜੋ ਕਿਛੁ ਵਰਤੈ ਸਭ ਤੇਰੀ ਰਜਾਇ
ਨਾ ਜੀਉ ਮਰੈ ਨ ਡੂਬੈ ਤਰੈ। ਜਿਨਿ ਕਿਛੁ ਕੀਆ ਸੋ ਕਿਛੁ ਕਰੈ
ਹੁਕਮੇ ਆਵੈ ਹੁਕਮੇ ਜਾਇ। ਆਗੈ ਪਾਛੈ ਹੁਕਮਿ ਸਮਾਇ
ਜਿਸ ਕਾ ਕੋਇ ਕੋਈ ਕੋਇ ਕੋਇ। ਸਭੁ ਕੋ ਤੇਰਾ ਤੂੰ ਸਭਨਾਂ ਕਾ ਸੋਇ।
ਨਾਨਕ ਦਰਿ ਘਰਿ ਏਕੰਕਾਰ। ਤ੍ਰਿਭਵਣੁ ਬੇਧਿਆ ਆਪਿ ਮੁਰਾਰਿ
ਜੋ ਤਿਸੁ ਭਾਣਾ ਸੋਈ ਹੂਆ। ਅਵਰੁ ਨ ਕਹਣੈ ਵਾਲਾ ਦਆ। ਨਾ ਜਾਣਾ
ਕਰਮ ਕੇਵਡ ਤੇਰੀ ਦਾਤਿ। ਕਰਮੁ ਧਰਮੁ ਤੇਰੇ ਨਾਮ ਕੀ ਜਾਤਿ। ਤੂੰ ਮਾਰਿ
ਜੀਵਾਲਹਿ ਬਖਸਿ ਮਿਲਾਇ। ਜਿਉ ਭਾਵੀ ਤਿਉ ਨਾਮੁ ਜਪਾਇ।

ਸਫੇ ੨੨੧ ਚਤਰਾਈ ਨਹ ਚੀਨਿਆ ਜਾਇ।...ਮਨੁ ਦੇ ਲੀਆ ਰਹਸਿ ਗੁਣ ਗਾਈ।
ਨਿਰਗੁਣ ਰਾਮੁ ਗੁਣਹ ਵਸਿ ਹੋਇ।
ਮਨੁ ਮਾਨੈ ਹਰਿ ਏਕੰਕਾਰ।

ਪ੍ਰੇਮ ਪਰਾਇਣ ਪ੍ਰੀਤਮ ਰਾਉ। ਨਦਰਿ ਕਰੇ ਤਾ ਬੂਝੈ ਨਾਉ।
ਸਰਬ ਨਿਰੰਤਰਿ ਪ੍ਰੀਤਮੁ ਬਾਲਾ

ਏਕੋ ਹੁਕਮੁ ਵਰਤੈ ਸਭ ਲੋਈ-ਏਕਸ ਤੇ ਸਭ ਓਪਤਿ ਹੋਈ
ਰਾਹ ਦੋਵੈ ਖਸਮੁ ਏਕੋ ਜਾਣ। ਗੁਰ ਕੈ ਸਬਦਿ ਹੁਕਮੁ ਪਛਾਣੁ
ਸਗਲ ਰੂਪ ਵਰਨ ਮਨ ਮਾਹੀ। ਕਹੁ ਨਾਨਕ ਏਕੋ ਸਾਲਾਹੀ
ਨਿਹਚਲ ਏਕ ਸਚਾ ਸਚ ਸੋਈ। ਜਿਨ ਕਰਿ ਸਾਜੀ ਤਿਨਹਿ ਸਭ ਗੋਈ

੩੫੨ ਸਰਬ ਕਲਾ ਜਗਦੀਸੈ ਅੰਸ

੫੦੩ ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ
ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ
ਸਰਬ ਦ੍ਰਿਸਟੀ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ
ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ
ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ
ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ
ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ

੫੦੫ ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ

੫੯੮ ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ
ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ
ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ
ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ
ਅਪਰੰਪਰੁ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ।

੫੯੬ ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ
ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ
ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ
ਸਗਲ ਭਵਨ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ।

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ
ਇਕਤੁ ਰੂਪਿ ਫਿਰਹਿ ਪਰਛੰਨਾ ਕੋਈ ਨ ਕਿਸ ਹੀ ਜੇਹਾ
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ
ਮੈ ਮੂਰਖ ਕਿਛੁ ਦੀਜੈ

ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ
ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲ ਨ ਕਰਮਾ
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ

ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਿ ਗਤਿ ਜੁਗਤਿ ਸਬਾਈ
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ
੯੩੪ ਅੰਤਰਿ ਜੋਤਿ ਨਿਰੰਤਰਿ ਬਾਣਿ ਸਾਚੇ ਸਾਹਿਬ ਸਿਉ ਲਿਵ ਲਾਈ
ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ
ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ
ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ
ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ
ਜਿਹਾ ਚਾਖਿਆ ਸੋਈ ਸਾਦੁ ਜਾਣਨਿ ਜਿਉ ਗੂੰਗੇ ਮਿਠਿਆਈ
ਜਿਉ ਚਲਾਏ ਤਿਉ ਚਾਲਹ ਭਾਈ ਹਰਿ ਕਿਆ ਕੋ ਕਰੇ ਚਤੁਰਾਈ
ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ
ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣ ਹਾਰਾ
ਸੇਵਾ ਕਰੀ ਜੇ ਕਿਛੁ ਹੋਵੈ ਆਪਣਾ ਜੀਉ ਪਿੰਡੁ ਤੁਮਾਰਾ
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ
ਇਵ ਚਲਤ ਮੋਹੀ

ਸਭ ਮਹਿ ਜੋਤਿ ਜੋਤਿ ਹੈ ਸੋਇ । ਉਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ
ਗੁਰ ਸਾਖੀ ਜੋਤਿ ਪਰਗਟੁ ਹੋਇ ।
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ । ਜਹ ਦੇਖਾ ਤਹ ਅਵਰੁ ਨ ਕੋਇ
ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ
ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ
ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਈ ਸਿਰਿ ਭਾਰਾ
੭੬੪ ਹਮ ਘਰਿ ਸਾਜਨ ਆਏ । ਸਾਚੈ ਮੇਲਿ ਮਿਲਾਏ ।
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ
ਮਨੁ ਤਨੁ ਅੰਮ੍ਰਿਤਿ ਭਿੰਨਾ । ਅੰਤਰਿ ਪ੍ਰੇਮੁ ਰਤੰਨਾ । ਅੰਤਰਿ ਰਤਨੁ ਪਦਾਰਥੁ
ਮੇਰੈ ਪਰਮ ਤਤੁ ਵੀਚਾਰੋ ।
ਆਤਮ ਰਾਮੁ ਸੰਸਾਰਾ । ਸਾਚਾ ਖੇਲੁ ਤੁਮਾਰਾ । ਸਚੁ ਖੇਲੁ
ਤੁਮਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ।
੧੧੮੮ ਦਰਸਨ ਕੀ ਪਿਆਸ ਜਿਸੁ ਨਰ ਹੋਇ । ਏਕਤੁ ਰਾਚੈ ਪਰਹਰਿ ਦੋਇ
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ । ਗੁਰਮੁਖਿ ਬੂਝੈ ਏਕ ਸਮਾਇ । ਏਕੋ
ਕਰਤਾ ਜਿਨਿ ਜਗੁ ਕੀਆ ।...ਏਕੋ ਗਿਆਨੁ ਧਿਆਨੁ ਧੁਨਿ ਬਾਣੀ । ਏਕੁ

ਨਿਰਾਲਮੁ ਅਕਥ ਕਹਾਣੀ । ਏਕੋ ਸ਼ਬਦ ਸਚਾ ਨੀਸਾਣੁ । ਪੂਰੇ ਗੁਰ ਤੇ ਜਾਣੈ ਜਾਣੁ । ਏਕੋ ਧਰਮੁ ਦ੍ਰਿੜੈ ਸਚੁ ਕੋਈ । ਗੁਰਮਤਿ ਪੂਰਾ ਜੁਗਿ ਜੁਗਿ ਸੋਈ । ਅਨਹਦਿ ਰਾਤਾ ਏਕ ਲਿਵਤਾਰ । ਓਹੁ ਗੁਰਮੁਖਿ ਪਾਵੈ ਅਲਖ ਅਪਾਰਾ ਏਕੋ ਤਖਤ ਏਕੋ ਪਾਤਿਸਾਹੁ । ਸਰਬੀ ਥਾਈ ਵੇਪਰਵਾਹੁ । ਤਿਸਕਾ ਕੀਆ ਤ੍ਰਿਭਵਣ ਸਾਰੁ । ਓਹੁ ਅਗਮੁ ਅਗੋਚਰੁ ਏਕੰਕਾਰੁ । ਏਕਾ ਮੂਰਤਿ ਸਾਚਾ ਨਾਉ । ਤਿਥੈ ਨਿਬੜੈ ਸਾਚੁ ਨਿਆਉ । ਸਾਚੀ ਕਰਣੀ ਪਤਿ ਪਰਵਾਣੁ । ਸਾਚੀ ਦਰਗਹ ਪਾਵੈ ਮਾਣੁ । ਏਕਾ ਭਗਤਿ ਏਕੋ ਹੈ ਭਾਉ । ਬਿਨ ਭੈ ਭਗਤੀ ਆਵਉ ਜਾਉ ।

੧੧੬੦ ਸੋ ਸਮਝੈ ਜਿਸੁ ਗੁਰੁ ਕਰਤਾਰੁ

ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮ੍ਾਰੀ ।

੧੨੮੩—ਕਟੇ ਪਾਪ ਅਸੰਖ ਨਾਵੈ ਇਕ ਕਣੀ ।

੧੩੩੨—ਨਿਰਾਲੰਬੁ ਨਿਰਹਾਰੁ ਨਿਹ ਕੇਵਲੁ ਨਿਰਭਉ ਤਾੜੀ ਲਾਵੈ ॥

੨. ਇਸ ਪਸਾਰੇ ਦਾ ਰਿਸ਼ਤਾ ਉਸ ਇਕ ਨਾਲ ਇਕ ਦੇਸ਼-ਕਾਲ ਹੋਂਦ ਦਾ ਹੈ ਜੋ ਉਸ ਦੇ ਇਕ ਪੂਰਨ ਹੁਕਮ ਨਾਲ, ਜੋ ਹੁਕਮ ਦੇਸ਼-ਕਾਲ ਦੀ ਹੋਂਦ ਤੋਂ ਪੂਰਵ ਹੈ, ਉਪਜਦਾ ਖਪਦਾ ਰਹਿੰਦਾ ਹੈ, ਹਰ ਖਿਨ ਵੀ ਤੇ ਹਰ ਥਾਂ ਵੀ ਅਤੇ ਪਰਲੋ ਪਰਲੋ ਕਰਕੇ ਵੀ। ਇਹ ਹੋਂਦ ਉਸਦੀ ਕਲਾ ਦਾ ਪਰਗਟਾਰਾ ਹੈ; ਕਲਾ ਖਿਚ ਲੈਂਦਾ ਹੈ ਤਾਂ ਇਹ ਹੈ ਨਹੀਂ ਤੇ ਇਸ ਦੀ ਹੋਂਦ ਜੋ ਕੁਝ ਨਾਂ ਹੁੰਦਿਆ ਵੀ ਹੈ, ਜਦ ਤੀਕ ਪਰਗਟ ਰਹਿੰਦੀ ਹੈ ਉਸ ਦੇ ਅੰਦਰ ਹੈ । ਜਦ ਲੋਪ ਹੁੰਦੀ ਹੈ ਤਾਂ ਵੀ ਉਹਦੇ ਅੰਦਰ । ਇਹ ਉਦਕਰਖ ਆਕਰਖ਼ ਦਾ ਬਾਜ਼ੀਗਰਾਨਾ ਖੇਡ, ਤਮਾਸ਼ਾ, ਲੀਲਾ ਹੈ ਜੋ ਆਪਣੀ ਨਦਰ ਕਰਮ ਲਈ ਉਹ ਤਮਾਸ਼ਾ-ਗਰ ਖੇਡਦਾ ਹੈ ਆਪੇ ਆਪ ਅਮਲੋਂ, ਤੇ ਬਾਹਰੋਂ ਦੂਜੀ ਕੁਦਰਤ ਬਣਾ ਕੇ ਤੇ ਆਪ ਹੀ ਆਪਣਾ ਜੀ ਪਰਚਾਵਾ ਕਰਦਾ ਹੈ, ਚਾਅ ਨਾਲ ਏਸਨੂੰ ਗੁਪਤ ਜ਼ਾਹਿਰ ਹੁੰਦਾ ਦੇਖਦਾ ਹੈ॥ ਮਨੁਖ ਨੇ ਵਾਹਿਗੁਰੂ ਦੇ ਹੁਕਮ ਦਾ ਇਹ ਪਸਾਰਾ ਵਿਸਮਾਦ ਦੀ ਅੱਖ ਨਾਲ ਵੇਖਣਾ ਹੈ ਅਤੇ ਏਸ ਵਿਚ ਰਹਿ ਕੇ ਆਪਣਾ ਮਕਸੂਦ ਲਭਣਾ ਹੈ। ਅਜੇਹਾ ਕਰਨ ਵਾਲੇ ਮਨੁਖ ਨਾਲ ਇਹ ਸ਼ਕਤੀ, ਕੁਦਰਤ ਸਹਯੋਗ ਕਰਦੀ ਹੈ । ਉਸ ਦਾ ਹੁਕਮ ਮੰਨਦੀ ਹੈ ਇਕ ਹਦ ਤੀਕ । ਇਹ ਮਨੁਖ ਦੀ ਪਾਣੀਹਾਰੀ ਹੈ ਅਤੇ ਮਨੁਖ ਇਸ ਦੇ ਉਤੇ ਸਿਕਦਾਰੀ ਕਰਨ ਲਈ ਹੈ । ਪਰ ਇਹ ਕਾਲ ਰੂਪਾ ਵੀ ਹੈ ਤੇ ਮਨੁਖ ਨੂੰ ਇਹ ਖਾ ਵੀ ਜਾਂਦੀ ਹੈ ਜੇ ਮਨੁਖ ਏਸ ਤੋਂ ਪਰੇ ਕਾਦਰ ਤੀਕ ਨਾ ਪੁੱਜ ਜਾਏ ॥ ਇਹ ਪਸਾਰਾ ਓਸ ਇਕੋ ਪਸਰਨ ਵਾਲੇ ਵਾਂਗਰ ਸਤ ਹੈ, ਭਾਵੇਂ ਖਿਨਭੰਗਰ, ਬਦਲਦਾ, ਪਰਛਿਨ ॥ ਇਸ ਦੀ ਸੁੰਦਰਤਾ ਮਨ ਮੋਹਣੀ ਹੈ । ਇਹ ਸਾਰਾ ਆਕਾਰ ਦਿਸਦਾ ਤੇ ਅਣਦਿਸਦਾ ਜੋ ਨਿਰੰਕਾਰ ਨੇ ਬਣਾਇਆ ਹੈ ਕੱਲਾ ਕੱਲਾ ਵੀ ਤੇ ਸਰਬ ਵੀ ਓਸ ਤੋਂ ਭੈਮਾਨ ਵੀ ਰਹਿੰਦਾ ਹੈ ਤੇ ਭਾਉ ਵਿਚ ਭਰਿਆ ਉਸ ਨੂੰ ਗਾਉਂਦਾ ਵੀ ਹੈ ।

੩੫੪ ਸਭੁ ਜਗੁ ਦੇਖਿਆ ਮਾਇਆ ਛਾਇਆ

ਮਨ ਕਾ ਅੰਧੁਲਾ ਮਾਇਆ ਕੰਬੰਧੁ

ਜਾ ਤੂੰ ਕਰਣ ਹਾਰੁ ਕਰਤਾਰੁ । ਕਿਆ ਮੁਹਤਾਜੀ ਕਿਆ ਸੰਸਾਰੁ

੩੫੦ ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ
ਤੂ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕ ਬਪੁੜਾ ਏਵ ਕਹੈ

੩੫੧—੨ ਕਹੈ ਨਾਨਕ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ
ਕਰਮਿ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ
ਤਿਸੁ ਰੂਪੁ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ
ਕਰੇ ਵਖਿਆਣੁ ਜਾਣੈ ਜੇ ਕੋਈ ਅੰਮ੍ਰਿਤੁ ਪੀਵੈ ਸੋਈ
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ

੩੫੧ ਪਾਪ ਪੁੰਨੁ ਦੋਇ ਸਾਖੀ ਪਾਸਿ
ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ
ਤਧ ਆਪੇ ਭਾਵੈ ਤਿਵੈ ਚਲਵੈ
ਸਰਬ ਕਲਾ ਜਗਦੀਸੈ ਅੰਸ
ਜੋ ਦੀਸੈ ਸੋ ਉਪਜੈ ਬਿਨਸੈ
ਬਿਨੁ ਜਲ ਸਰਵਰਿ ਕਮਲੁ ਨ ਦੀਸੈ

ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ
ਥਥੈ ਥਾਨਿ ਥਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ
ਪਪੈ ਪਾਤਿਸਾਹੁ ਪਰਮੇਸਰੁ ਵੇਖਣੁ ਕਉ ਪਰਪੰਚੁ ਕੀਆ
ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ
ਖਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ
ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮ ਲਇਆ
ਵਵੈ ਵਾਸ ਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ
ਵੇਖੈ ਚਾਖੈ ਸਭੁ ਕਿਛ ਜਾਣੈ ਅੰਤਰਿ ਬਾਹਿਰ ਰਵਿ ਰਹਿਆ
ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ

੪੧੮ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ

੪੨੧ ਨਟੂਐ ਸ੍ਵਾਂਗੁ ਬਣਾਇਆ ਬਾਜੀ ਸੰਸਾਰਾ
ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀਂ ਬਾਰਾ
ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ

ਸਭ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ
ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ
ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ

ਤ ਮਨੁਖ ਉਤਮ ਜੂਨ ਹੈ । ਹੋਰ ਜੂਨਾਂ ਦਾ ਸਿਕਦਾਰ, ਜੋ ਉਸ ਦੀਆਂ ਪਾਣੀਹਾਰ ਹਨ। ਪਰ ਮਨੁਖ ਵਾਪਸੀ ਦਾ ਅਸਥਾਨ ਹੈ, ਰਚਨਾ ਏਸ ਤੇ ਪੁੱਜ ਕੇ ਰੱਬ ਵਲ ਮੁੜਦੀ ਹੈ। ਮੋੜਾ ਪੁਆਂਦਾ ਹੈ ਵਾਹਿਗੁਰੂ ਗੁਰੂ ਦੇ ਰੂਪ ਵਿਚ, I ਪੀਰ, ਭਗਤ, ਹਰਿਜਨ, ਸੰਤ, ਸਾਧ ਦੇ ਰੂਪ ਵਿਚ । ਮਨੁੱਖ ਅਪੂਰਨ ਹੈ ਏਸ ਲਈ ਉਹ ਪੂਰੇ ਗੁਰੂ ਦੀ ਸਹੈਤਾ ਨਾਲ ਪੂਰੇ ਪ੍ਰਭੂ ਤੀਕ ਪੁੱਜਣ ਦਾ ਜੁਮੇਵਾਰ ਤੇ ਚਾਹਵਾਨ ਹੈ । ਮਨੁਖ ਨੂੰ ਵੱਡੀ ਦੌਲਤ, ਬਿਸੇਖ ਦੌਲਤ ਬਾਣੀ ਦੀ ਮਿਲੀ ਹੈ, ਬਾਣੀ ਬੋਲਣ ਦੀ, ਸੁਣਨ ਦੀ, ਵਿਚਾਰਨ ਦੀ ਸ਼ਕਤੀ । ਸਚੀ ਪਕੀ ਬਾਣੀ ਪੂਰਨ ਮਨੁਖ—ਗੁਰੂ ਦਾ ਨਿਸ਼ਾਨ ਹੈ ਸੱਚਾ ਤੇ ਵਾਹਿਗੁਰੂ ਵਲੋਂ ਮਿਲਦਾ ਪੂਰਾ ਨਿਸ਼ਾਨ ਵੀ ਸਚੀ ਬਾਣੀ ਜਾਂ ਸਚਾ ਸ਼ਬਦ ਹੈ । ਸਚ ਵਾਹਿਗੁਰੂ ਦਾ ਨਾਂ ਹੈ । ਉਸ ਦੀ ਹੋਂਦ ਤੇ ਹੋਂਦ ਦਾ ਇਹਸਾਸ ਹੈ । ਗੁਰੂ ਤੇ ਵਾਹਿਗੁਰੂ ਵਿਚ ਪਰਤੀਤੀ ਹੀ ਸਚ ਹੈ । ਏਸੇ ਬਾਣੀ—ਸ਼ਬਦ ਦਾ ਨਾਂ ਹੀ ਨਾਮ ਹੈ । ਨਾਮ—ਬਾਣੀ—ਸ਼ਬਦ—ਨਾਦ ਸਭ ਸਰਗੁਣ ਨਿਰਗੁਣ ਨਿਰੰਕਾਰ ਸੁੰਨ—ਸਮਾਧੀ ਵਾਲੇ ਆਪ ਦੇ ਲਖਾਇਕ ਹਨ । ਉਂ ਤਾਂ ਸਾਰੇ ਨਾਮ—ਰੂਪ ਪਸਾਰੇ ਦੇ, ਓਸੇ ਦੇ ਨਾਂ ਰੂਪ ਹਨ, ਪਰ ਉਸ ਦੇ ਆਪਣੇ ਗੁਣਾਂ ਦੇ ਨਾਂ ਜੋ ਗੁਣ ਓਸ ਨੇ ਆਪ ਗੁਰੂ ਦੁਆਰਾ ਦਸਾਏ ਹਨ, ਖਾਸ ਨਾਮ ਹਨ । ਉਹਨਾਂ ਨੂੰ ਹੀ ਅਸੀਂ ਪਉੜੀ ਬਣਾਨਾ ਹੈ ਪ੍ਰਭੂ ਦੀ ਦਰਗਾਹ ਤੀਕ ਪੁਜਣ ਦਾ । ਬਸ ਇਹਨਾਂ ਨਾਂਵਾਂ ਦਾ ਜਪ, ਇਹਨਾਂ ਗੁਣਾਂ ਦਾ ਕੀਰਤਨ ਹੀ ਪੂਰਾ ਕਰਮ, ਪੂਰਾ ਗਿਆਨ, ਪੂਰਾ ਧਿਆਨ, ਪੂਰਾ ਜੋਗ ਹੈ । ਗੁਰੂ ਹਰੇਕ ਨੂੰ ਉਹ ਨਾਂ ਆਪ ਹੀ ਦੇ ਦੇਂਦਾ ਹੈ । ਕਰਤੇ ਦੇ ਕੇਤੇ ਵੇਸ ਹਨ ਤੇ ਗੁਰੂ ਦੇ ਵੀ ਕੇਤੇ ਵੇਸ ਹਨ ਅਤੇ ਨਾਮ ਵੀ ਕੇਤੇ ਹਨ । ਗੁਰੂ ਤੇ ਵਾਹਿਗੁਰੂ ਨਾਲ ਮਨੁਖ ਚੇਤਨ ਰੂਪ ਵਿਚ ਸਾਕ ਗੰਢਦਾ ਹੈ । ਉਹ ਸਾਕ ਅਚੇਤਨ ਰੂਪ ਵਿਚ ਤਾਂ ਸਿਰਜ ਤੇ ਸਿਰਜਣਹਾਰ ਦਾ ਹੈ—ਓਸ ਨੇ ਹੁਕਮ ਨਾਲ ਸਭ ਪਸਾਰਾ ਪਸਾਰਿਆ—ਪਰ ਚੇਤਨ ਰੂਪ ਵਿਚ ਵੀ ਏਸੇ ਤਰ੍ਹਾਂ ਦਾ ਜਾਂ ਕਿਸੇ ਵੀ ਹੋਰ ਮਨੁਖੀ ਰਿਸ਼ਤੇ ਦਾ ਰੂਪ ਫੜ ਸਕਦਾ ਹੈ ਜੋ ਸਾਨੂੰ ਪਸੰਦ ਹੋਵੇ—ਪਤਨੀ ਪਤੀ ਦਾ, ਪ੍ਰੇਮੀ ਪ੍ਰੇਮਕਾ ਦਾ, ਪੁਤ ਪੇ ਦਾ, ਮਾਂ ਪੁਤ ਦਾ, ਮਾ ਧੀ ਦਾ, ਭਰਾ ਭਰਾ ਦਾ, ਮਿਤ ਮਿਤ ਦਾ, ਮਾਲਕ ਨੌਕਰ ਦਾ, ਅਮੀਰ ਗਰੀਬ ਦਾ, ਠਾਕੁਰ—ਜਜਮਾਨ ਤੇ ਢਾਡੀ ਦਾ ॥

ਗੁਰ ਨਾਨਕ ਦੇਵ ਜੀ ਨੂੰ ਢਾਢੀ-ਜਜਮਾਨਾ ਦਾ, ਮਨਮੋਹਨ ਮੁਰਾਰ ਤੇ ਮੋਹੀ ਗਈ ਸੁਹਾਗਣ ਦਾ, ਇਹ ਦੋ ਰਿਸ਼ਤੇ ਬਹੁਤ ਪਸੰਦ ਹਨ । ਬਾਕੀ ਸਾਰੇ ਮਨੁਖ ਜਾਂ ਸਾਡੇ ਵਾਂਗਰ ਸਹਿਪਤਨੀਆਂ ਹਨ ਸਹਿਢਾਢੀ, ਜਿਹਨਾਂ ਨਾਲ ਈਰਖਾ, ਵੈਰ, ਦੀ ਕੋਈ ਗੁੰਜਾਇਸ ਨਹੀਂ ਨਾਂ ਹੀ ਉਹਨਾਂ ਤੋਂ ਡਰ ਦੀ ਲੋੜ ਹੈ । ਅਸੀਂ ਪਤੀ ਤੇ ਜਜਮਾਨ ਤੋਂ ਡਰਨਾ ਵੀ ਹੈ ਤੇ ਉਹਨਾਂ ਤੋਂ ਆਸ ਵੀ ਰਖਣੀ ਹੈ । ਭੈ ਤੇ ਭਾਉ ਦੋਨੋ ਚਾਹੀਦੇ ਹਨ, ਭੈ ਪਹਿਲਾਂ ਫੇਰ ਭਾਉ । ਆਪਣੇ ਆਪ ਨੂੰ ਉਹਨਾਂ ਨਾਲ ਜੋੜ ਲੈਣਾ ਹੈ (ਸਰਨੀ ਜਾਣਾ ਕਹਿਣ ਦੀ ਲੋੜ ਨਹੀਂ) ਭਾਉ ਨਾਲ, ਸੇਵਾ ਨਾਲ; ਤੇ ਆਪਣਾ ਮਖਸੂਦ ਬਨਾਣਾ ਹੈ ਗੁਰੂ ਵਾਹਿਗੁਰੂ ਨਾਲ ਇਕਰੂਪਤਾ, ਅਭੇਦਤਾ । ਹਰਿਜਨ ਨੇ ਹਰੀ ਹੋ ਜਾਣਾ

ਹੈ। ਚੇਲੇ ਨੇ ਗੁਰੂ ਹੋ ਜਾਣਾ ਹੈ। ਏਸ਼ ਰਿਸਤੇ ਵਿਚ ਪਾਪੀ, ਨੀਚ, ਪਾਖੰਡੀ, ਕੁਚਲ, ਕਠੋਰ ਕਪਟੀ, ਕਾਮੀ ਇਤ ਆਦ ਹੋਣ ਦੀ ਮੁਤਾਰਨੀ ਪੜਨ, ਯਾਦ ਕਰਨ ਦੀ ਜਰੂਰਤ ਨਹੀ। ਜੋ ਕੁਝ ਅਸੀਂ ਹਾਂ ਓਸ ਨੂੰ ਪਤਾ ਹੈ, ਓਸ ਤੋਂ ਗੁਝਾ ਨਹੀਂ। ਉਹ ਇਹ ਨਹੀਂ ਵੇਖਦਾ, ਉਹ ਤਾਂ ਭਾਉ, ਚਾਉ ਵੇਖਦਾ ਹੈ। ਫੇਰ ਆਪੇ ਹੀ ਬਖਸ ਕੇ ਗਲ ਲਾ ਲੈਂਦਾ ਹੈ। ਪਵਿਤਰ ਕਰ ਲੈਂਦਾ ਹੈ।

ਕੀ ਕੱਲਾ ਮਨੁਖ, ਕੀ ਦੇਸ਼, ਕੀ ਕੌਮ, ਕੀ ਸਾਰੀ ਜਤੀ, ਸਭ ਦਾ ਦੁਖ ਸੁਖ, ਪਾਪ ਪੁਨ, ਤਰਸ ਜੁਲਮ, ਨਿਆਂ ਅਨਿਆਂ, ਗਿਆਨ ਅਗਿਆਨ ਭਰਿਆ ਜੀਵਨ ਹੁਕਮ ਦੀ ਖੇਡ ਹੈ ਤੇ ਉਹ ਹੁਕਮ ਅੰਦਰ ਬੈਠਾ ਖੇਡ ਕਰਾਂਦਾ ਰਹਿੰਦਾ ਹੈ ਖੁਦ ਇਹਨਾਂ ਪਾਸੋਂ। ਅਰਥਾਤ ਬਾਹਰੋਂ ਇਹ ਪੂਰੀ ਹਉਮੈਂ ਦੀ ਖੇਡ ਹੈ ਤੇ ਅੰਦਰੋਂ, ਮੂਲੋਂ ਇਹ ਨਿਰੀ ਨਿਪਟ ਹੁਕਮ ਦਾ ਕਰਿਸ਼ਮਾ, ਚਮਤਕਾਰ ਹੈ। ਹਉਮੈਂ ਦੀ ਖੇਡ ਨੂੰ ਜੇ ਅੰਤਰ ਖ ਨੇ ਹੁਕਮ ਦੀ ਖੇਡ ਮਨ ਲਏ ਤਾਂ ਮਨੁਖ ਓਸੇ ਵੇਲੇ ਜੀਵਨ ਮੁਕਤ ਹੋ ਗਇਆ। ਓਸ ਲਈ ਜੀਵਨ ਅਤੇ ਮੁਕਤੀ ਦਾ ਰੂਪ ਫੜ ਲਇਆ ਵਾਹਿਗੁਰੂ ਦੀ ਅਨੰਦ ਦਾਇਕ ਸਦੀਵੀ ਨਿਕਟਤਾ ਦੇ ਇਹਸਾਸ ਨੇ ਜੋ ਅਤੀਤ ਪਦਵੀ ਹੈ। ਆਓ ਮਿਲਕੇ ਗਾਵੀਏ: —ਸਣ ਕਰਤਾਰ ਗੋਬਿੰਦ ਗੋਪਾਲ ਦੀਨ ਦਇਆਲ ਸਦਾ ਕਿਰਪਾਲ, ਤੂੰ ਹੀ ਛੁੜਾਵੇਂ ਤਾਂ ਸਾਡੇ ਬੰਧਨ ਛੁਟ ਟੁਟ ਸਕਦੇ ਹਨ। ਸਾਨੂੰ ਆਪਣੇ ਭਾਣੇ ਵਿਚ ਰਖ ਤੇ ਬੰਧਨ ਤੋੜ। ਸਾਨੂੰ ਬਖ਼ਸ਼, ਆਪਣੇ ਆਪ ਨਾਲ ਮਿਲਾ। ਅਸੀਂ ਤਾਂ ਸਾਰੇ ਦੇ ਸਾਰੇ ਹੀ ਅੰਨ੍ਹੇ ਹਾਂ ॥ ਤੂੰ ਸਦ ਬਖ਼ਸ਼ੰਦ ਏਂ, ਪੂਰਨ ਕਿਰਪਾਲ ਏਂ ॥

ਹਰਿ ਕੇ ਨਾਮ ਬਿਨਾ ਜਗ ਧੰਧਾ
ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ
ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ
ਇਕ ਲੋਕੀ ਹੋਰੁ ਛਮਿਛਰੀ ਬ੍ਰਹਮਣੁ ਵਟਿ ਪਿੰਡੁ ਖਾਇ
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ।
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ
ਤੂੰ ਸਾਹਿਬੁ ਹਉ ਸਾਂਗੀ ਪ੍ਰਣਵੈ ਨਾਨਕੁ ਜਾਤਿ ਕੈਸੀ

੩੬੦ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ

੩੫੪ ਮੈ ਤਾਂ ਨਾਮੁ ਤੇਰਾ ਆਧਾਰੁ
ਸੂਚੀ ਕਾਇਆ ਹਰਿ ਗੁਣ ਗਾਇਆ
ਆਤਮੁ ਚੀਨਿ ਰਹੈ ਲਿਵ ਲਾਇਆ
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ

੩੫੫ ਆਚਾਰੀ ਨਾਹੀ ਜੀਤਿਆ ਜਾਇ
ਪਾਠ ਪੜੈ ਨਹੀ ਕੀਮਤਿ ਪਾਇ
ਅਸਟਦਸੀ ਚਹੁ ਭੇਦੁ ਨ ਪਾਇਆ
ਨਾਨਕ ਸਤਿ ਗਰਿ ਬ੍ਰਹਮੁ ਦਿਖਾਇਆ
ਸਾਚੁ ਨਾਮੁ ਗਰ ਸਬਦਿ ਵੀਚਾਰਿ
ਗੁਰਮੁਖਿ ਸਾਚੇ ਸਾਚੈ ਦਰਬਾਰਿ
ਗੁਰਕਾ ਸਬਦੁ ਸਚੁ ਨੀਸਾਣੁ
ਮੰਨੇ ਹੁਕਮੁ ਸੁ ਪਰਗਟੁ ਜਾਇ । ਸਚੁ ਨੀਸਾਣੈ ਠਾਕ ਨ ਪਾਇ
੩੫੧ ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ
ਭਨਿਤ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ
ਜਿਸ ਕੋ ਨਦਰਿ ਕਰੇ ਸਾ ਸੋਹਾਗਣਿ ਹੋਇ ।
ਸਖਾ ਸੈਨੁ ਪ੍ਰੇਮੁ ਗੋਬਿੰਦੁ
ਆਪੇ ਕਰੇ ਆਪੇ ਬਖਸਿੰਦੁ
੪੧੧ ਉਤਰਿ ਅਵਘਟਿ ਸਰਵਰਿ ਨ੍ਹਾਵੈ । ਬਕੈ ਨ ਬੋਲੈ ਹਰਿ ਗੁਣ ਗਾਵੈ
ਜਲੁ ਆਕਾਸੀ ਸੁੰਨਿ ਸਮਾਵੈ । ਰਸੁ ਸਤੁ ਝੋਲਿ ਮਹਾਰਸੁ ਪਾਵੈ
ਸਚੁ ਬ੍ਰਤ ਨੇਮੁ ਨ ਕਾਲ ਸੰਤਾਵੈ । ਸਤਿਗੁਰ ਸਬਦਿ ਕਰੋਧ ਜਲਾਵੈ
ਗਗਨਿ ਨਿਵਾਸਿ ਸਮਾਧਿ ਲਗਾਵੈ । ਪਾਰਸੁ ਪਰਸਿ ਪਰਮ ਪਦੁ ਪਾਵੈ
ਸਚ ਮਨ ਕਾਰਣਿ ਤਤੁ ਬਿਲੋਵੈ । ਸੁਭਰ ਸਰਵਰਿ ਮੈਲੁ ਨ ਧੋਵੈ
ਜੈ ਸਿਉ ਰਾਤਾ ਤੈਸੋ ਹੋਵੈ , ਆਪੇ ਕਰਤਾਰ ਕਰੇ ਸੁ ਹੋਵੈ
ਗੁਰ ਹਿਵ ਸੀਤਲ ਅਗਨਿ ਬੁਝਾਵੈ । ਸੇਵਾ ਸੁਰਤਿ ਬਿਭੂਤ ਚੜਾਵੈ
ਦਰਸਨੁ ਆਪਿ ਸਹਜ ਘਰਿ ਆਵੈ । ਨਿਰਮਲ ਬਾਣੀ ਨਾਦੁ ਵਜਾਵੈ
ਅੰਤਰਿ ਪੂਜਾ ਥਾਨੁ ਮੁਰਾਰਾ । ਜੋਤੀ ਜੋਤਿ ਮਿਲਾਵਣ ਹਾਰਾ
ਤ੍ਰਿਭਵਣ ਸੂਝੈ ਆਪੁ ਗਵਾਵੈ । ਬਾਣੀ ਬੂਝੈ ਸਚਿ ਸਮਾਵੈ ।
ਸ਼ਬਦੁ ਵੀਚਾਰੇ ਏਕ ਲਿਵਤਾਰਾ । ਨਾਨਕ ਧੰਨੁ ਸਵਾਰਣਹਾਰਾ
੪੧੨ ਸਰਬ ਨਿਰੰਤਰਿ ਆਪੇ ਆਪਿ । ਕਿਸੈ ਨ ਪੂਛੇ ਬਖਸੇ ਆਪਿ
ਤੂ ਪੂਰ ਸਾਗਰੁ ਮਾਣਕ ਹੀਰੁ । ਤੂ ਨਿਰਮਲੁ ਸਚੁ ਗੁਣੀ ਗਹੀਰੁ
ਸੁਖੁ ਮਾਨੈ ਭੇਟੈ ਗਰ ਪੀਰੁ । ਏਕੋ ਸਾਹਿਬੁ ਏਕੁ ਵਜੀਰੁ
ਜਗੁ ਬੰਦੀ ਮੁਕਤੇ ਹਉਮਾਰੀ । ਜਗਿ ਗਿਆਨੀ ਵਿਰਲਾ ਆਚਾਰੀ
ਜਗਿ ਪੰਡਿਤੁ ਵਿਰਲਾ ਵੀਚਾਰੀ
ਬਿਨੁ ਸਤਿਗੁਰ ਭੇਟੇ ਸਭ ਫਿਰੈ ਅਹੰਕਾਰੀ
ਦੂਖੁ ਸੂਖੁ ਪਰਹਰਿ ਸਹਜਿ ਸੁਚੀਤ
ਤਉ ਮਨੁ ਸਉਪਉ ਕਿਸਨ ਪਰੀਤਿ
ਏਕੁ ਦ੍ਰਿਸਟਿ ਤਾਰੇ ਗੁਰ ਪੂਰਾ

ਭੀਤਰਿ ਏਕੁ ਅਨੇਕ ਅਸੰਖ

ਕਰਮ ਧਰਮ ਬਹੁ ਸੰਖ ਅਸੰਖ

ਬਿਨੁ ਭੈ ਭਗਤੀ ਜਨਮੁ ਬਿਰੰਥ

ਹਰਿ ਗੁਣ ਗਾਵਹਿ ਮਿਲਿ ਪਰਮਾਰੰਥ

੪੧੪ ਕੰਚਨ ਕਾਇਆਂ ਜੋਤਿ ਅਨੂਪੁ

ਤ੍ਰਿਭਵਣ ਦੇਵਾ ਸਗਲ ਸਰੂਪ

ਊਤਮ ਸੰਗਤਿ ਊਤਮੁ ਹੋਵੈ

ਬਿਨੁ ਗੁਰ ਸੇਵੇ ਸਹਜੁ ਨ ਹੋਵੈ

ਨਿਰੰਕਾਰ ਮਹਿ ਆਕਾਰੁ ਸਮਾਵੈ

ਅਕਲ ਕਲਾ ਸਚੁ ਸਾਚਿ ਟਿਕਾਵੈ

ਸੋ ਨਰੁ ਗਰਭ ਜੋਨਿ ਨਹੀ ਆਵੈ

ਗੁਰ ਸੇਵਾ ਤੇ ਆਪੁ ਪਛਾਤਾ

ਅਨ ਦਿਨੁ ਬਾਣੀ ਨਾਮੇ ਰਾਤਾ

ਹਉਮੈ ਮਾਰੇ ਸਬਦੇ ਜਾਗੈ

ਗੁਰਮੁਖਿ ਤ੍ਰਿਭਵਣਿ ਸੋਝੀ ਹੋਈ

ਆਤਮੁ ਚੀਨ੍ਹਿ ਭਏ ਨਿਰੰਕਾਰੀ

ਦੇਖਿ ਅਚਰਜੁ ਰਹੇ ਬਿਸਮਾਦਿ । ਘਟਿ ਘਟਿ ਸੁਰ ਨਰ ਸਹਜ ਸਮਾਧਿ

੪੨੧ ਜਿਨੀ ਆਤਮ ਚੀਨਿਆ ਪਰਮਾਤਮੁ ਸੋਈ

੪੨੨ ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ

ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ

ਆਪੇ ਕਰੇ ਨਿਆਉ ਜੋ ਤਿਸੁ ਭਾਇਆ

ਵੇਖੋ ਰਾਗ ਮਾਰੂ ਸੋਲਹੇ (ਸਫੇ ੧੦੩੨-੪)

ਸੰਜੋਗ ਵਿਜੋਗੁ ਮੇਰੈ ਪ੍ਰਭਿ ਕੀਏ । ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ।

ਦੁਖ ਸੁਖ ਹੀ ਤੇ ਭਏ ਨਿਰਾਲੇ. ਗੁਰਮੁਖਿ ਸੀਲੁ ਸਨਾਹਾ ਹੇ ।

ਡਾਲ ਛੋਡਿ ਤਤੁ ਮੂਲੁ ਪਰਾਤਾ ਮਿਲਿ ਸਾਚਾ ਉਮਾਹਾ ਹੇ ।

ਨਉ ਘਰ ਥਾਪੇ ਹੁਕਮਿ ਰਜਾਈ । ਦਸਵੈ ਪੁਰਖੁ ਅਲੇਖ ਅਪਾਰੀ ਆਪੇ ਅਲਖੁ ਲਖਾਇਦਾ ।

ਪਸਰੀ ਕਿਰਣ ਜੋਤਿ ਉਜਿਆਲਾ । ਕਰਿ ਕਰਿ ਦੇਖੈ ਆਪਿ ਦਇਆਲਾ ।

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੇ ਘਰਿ ਵਾਇਦਾ ।

ਆਦਿ ਨਿਰੰਜਨ ਨਿਰਮਲੁ ਸੋਈ । ਅਵਰੁ ਨ ਜਾਣਾ ਦੂਜਾ ਕੋਈ ।

ਏਕੰਕਾਰ ਵਸੈ ਮਨਿ ਭਾਵੈ ਹਉਮੈ ਗਰਬ ਗਵਾਇਦਾ ।

ਈਸਰੁ ਬ੍ਰਹਮਾ ਦੇਵੀ ਦੇਵਾ । ਇੰਦਰ ਤਪੇ ਮੁਨਿ ਤੇਰੀ ਸੇਵਾ ।

ਜਤੀ ਸਤੀ ਕੇਤੀ ਬਨਵਾਸੀ ਅੰਤੁ ਨ ਕੋਈ ਪਾਇਦਾ ।

ਸਗਲੇ ਦੁਖ ਅੰਮ੍ਰਿਤ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ।

ਅਟਲ ਅਡੋਲ ਅਤੋਲ ਮੁਰਾਰੇ, ਖਿਨ ਮਹਿ ਢਾਹੇ ਫੇਰਿ ਉਸਾਰੈ ।

ਸਫਾ (੯੩੯)

ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ।

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ।

ਕਾਮ ਕਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ।

ਦੁਰਮਤਿ ਬਾਧਾ, ਸਰਪਨਿ ਖਾਧਾ, ਮਨਮੁਖਿ ਖੋਇਆ ਗੁਰਮੁਖ ਲਾਧਾ ।

ਸਤਿਗੁਰੂ ਮਿਲੈ ਅੰਧੇਰਾ ਜਾਇ, ਨਾਨਕ ਹਉਮੈ ਮੇਟਿ ਸਮਾਇ ।

ਸੁੰਨ ਨਿਰੰਤਰਿ ਦੀਜੈ ਬੰਧੁ, ਉਡੈ ਨ ਹੰਸਾ ਪੜੈ ਨ ਕੰਧੁ ।
ਜਿਨਿ ਰਚਿ ਰਚਿਆ ਤਿਸ ਸਬਦਿ ਪਛਾਣੈ, ਨਾਨਕ ਤਾ ਕਾ ਦਾਸੋ ।

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ।
ਹੁਕਮੁ ਬ੍ਰਿਸਮਾਦੁ, ਹੁਕਮਿ ਪਛਾਣੈ, ਜੀਅ ਜੁਗਤਿ ਸਚ ਜਾਣੈ ਸੋਈ ।

ਆਪ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ।

ਏਕੋ ਕਉ ਸਚ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ।

੯੪੧ ਗੁਰਮੁਖਿ ਪਾਈਐ ਸਬਦਿ ਅਚਾਰਿ ॥ ਨਾਨਕ ਹਉਮੈ ਜਾਲਿ ਸਮਾਈ ॥

ਅੰਤਕਾ

ਕਿਉਂਕਿ ਬਾਣੀ ਸਭ ਇਕੋ ਹੀ ਹੈ ਤੇ ਗੁਰੂ ਵੀ ਇਕ ਹੀ ਹੈ ਇਸ ਲਈ ਉਤਲੇ ਤਿੰਨਾਂ ਸੁਆਲਾਂ ਦੇ ਜੁਆਬ ਦੇ ਤੌਰ ਤੇ ਹੋਰ ਉਗਾਹੀ ਮ. ੫ ਦੀ ਦੇਂਦੇ ਹਾਂ ॥

(ਮ. ੫, ਸਫੇ ੨੧੬-੩੭)

ਵਾਹਿਗੁਰੂ ਦਾ ਸਰੂਪ	ਰਚਨਾ ਦਾ ਸਰੂਪ
ਆਪੇ ਖੇਡ ਬਿਸਥਾਰੀ ਸਾਖ	ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ
ਅਪਨੀ ਖੇਤੀ ਆਪੇ ਰਾਖ	ਘਟ ਘਟ ਅੰਤਰਿ ਰਵਿਆ ਸੋਈ
ਜੋ ਤ ਕ ਤ ਪੇਖਉ ਏਕੈ ਓਹੀ	ਓਪਤਿ ਪਰਲਉ ਖਿਨ ਮਹਿ ਕਰਤਾ
ਘਟ ਘਟ ਅੰਤਰਿ ਆਪੇ ਸੋਈ	ਆਪਿ ਅਲੇਪਾ ਨਿਰਗੁਨੁ ਰਹਤਾ
ਆਪੇ ਸੂਰੁ ਕਿਰਣਿ ਬਿਸਥਾਰੁ	ਕਰਨ ਕਰਾਵਨ ਅੰਤਰ ਜਾਮੀ
ਸੋਈ ਗੁਪਤੁ ਸੋਈ ਆਕਾਰੁ	ਤ੍ਰਿਹੁਗੁਣ ਮਹਿ ਵਰਤੈ ਸੰਸਾਰਾ
ਸਰਗੁਣ ਨਿਰਗੁਣ ਥਾਪੈ ਨਾਉ	ਉਨ ਕੈ ਸੰਗਿ ਤੂ ਕਰਤੀ ਕੇਲ
ਦੁਹੂ ਮਿਲਿ ਏਕੈ ਕੀਨੋ ਠਾਉ	ਉਨ ਕੈ ਸੰਗਿ ਹਮ ਤੁਮ ਸੰਗਿ ਮੇਲ
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ	ਤਿਸੁ ਬਿਨੁ ਤੁਹੀ ਦੁਹੇਰੀ ਰੀ
ਅਨਦ ਰੂਪ ਸਭੁ ਨੈਨ ਅਲੋਇਆ ।	ਉਨ ਕੈ ਸੰਗਿ ਤੂ ਹੋਈ ਹੈ ਜਾਹਰਿ
੩੮੯ ਸੋਈ ਸਤਿ ਸਤਿ ਹੈ ਸੋਇ	ਉਨ ਕੈ ਸੰਗਿ ਤੇਰਾ ਮਾਨੁ ਮਹਤੁ
੩੯੦ ਅਪਨੀ ਕੁਦਰਤਿ ਜਾਣੈ ਆਪਿ	ਉਨ ਕੈ ਸੰਗਿ ਤੁਮ ਸਾਕੁ ਜਗਤੁ

ਮਨੁਖ ਦਾ ਮਖਸੂਦ

ਹੁਕਮੁ ਬੂਝੈ ਸੋਈ ਪਰਵਾਨੁ
ਸਾਚੁ ਸਬਦੁ ਜਾ ਕੀ ਨੀਸਾਨੁ
ਗਤਿ ਹੋਵੈ ਸੰਤਹ ਲਗਿ ਪਾਂਈਂ
ਊਠਤ ਬੈਠਤ ਸੋਵਤ ਧਿਆਈਐ
ਮਾਰਗ ਚਲਤੇ ਹਰੇ ਹਰਿ ਗਾਈਐ
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ
ਸਤਿ ਗੁਰੁ ਅਪਨਾ ਸਦਾ ਸਦਾ ਮਨਾਵਹੁ
ਸਤਿਗੁਰ ਕਾ ਸਚੁ ਸਬਦੁ ਕਮਾਵਹੁ
ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ
ਹਰਿ ਹਰਿ ਤੰਤੁ ਮੰਤੁ ਗੁਰ ਦੀਨਾ
ਦਰਸਨੁ ਮਗਉ ਦੇਹਿ ਪਿਆਰੇ
ਏਕੋ ਏਕੀ ਨੈਨ ਨਿਹਾਰਉ
ਕਿਲਬਿਖ ਬਿਨਾਸ਼ੇ ਦੂਖ ਦਰਦ ਦੂਰਿ
ਭਏ ਪੁਨੀਤ ਸੰਤਨ ਕੀ ਧੂਰਿ
ਨਾਨਕ ਗੁਰ ਤੇ ਪਾਈ ਬੁਧਿ
ਸਾਧ ਸੇਵਾ ਅਘ ਕਟੇ ਘਨੇਰੇ
ਪ੍ਰਭ ਕਾ ਭਾਣਾ ਲਾਗਾ ਮੀਠਾ
ਗੁਰ ਪੂਰੇ ਕੇ ਚਰਣ ਲਹੇ
ਕੋਟਿ ਜਨਮ ਕੇ ਪਾਪ ਲਹੇ
ਰਤਨ ਜਨਮੁ ਇਹੁ ਸਫਲ ਭਇਆ
ਕਹੁ ਨਾਨਕ ਪ੍ਰਭ ਕਰੀ ਮਇਆ
ਗੁਰ ਕੀ ਬਾਣੀ ਸਿਉਂ ਰੰਗੁ ਲਾਇ
ਗੁਰੁ ਦਾਤਾ ਗੁਰੁ ਦੇਵੈ ਨਾਉ
ਗੁਰ ਪਾਰ ਬ੍ਰਹਮ ਪਰਮੇਸਰੁ ਆਪਿ
ਆਠ ਪਹਰ ਨਾਨਕ ਗੁਰ ਜਾਪਿ

੩੮੮-੯ ਜਪੁ ਤਪੁ ਸੰਜਮੁ ਕਰਮ ਨ ਸਾਧਾ
ਨਾਮੁ ਪ੍ਰਭੂ ਕਾ ਮਨਹਿ ਅਰਾਧਾ
ਹਿਰਦੈ ਸਮ੍ਹਾਲੈ ਮੁਖਿ ਹਰਿ ਹਰਿਬੋਲੈ
ਹਰਿ ਕਾ ਸੇਵਕੁ ਸਦ ਹੀ ਮੁਕਤਾ
ਜੋ ਕਿਛੁ ਕਰੈ ਸੋਈ ਭਲ ਜਨ ਕੈ
ਅਤਿ ਨਿਰਮਲ ਦਾਸ ਕੀ ਜੁਗਤਾ ।
ਤੂੰ ਮੇਰਾ ਤਰੰਗੁ ਹਮ ਮੀਨ ਤੁਮਾਰੇ
ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ
ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ
ਤੂੰ ਮੇਰਾ ਜੀਵਨੁ ਤੂ ਆਧਾਰੁ
ਤੂ ਮੇਰੀ ਗਤਿ ਪਤਿ ਤੂ ਪਰਵਾਨੁ
ਤੂ ਸਮਰਥੁ ਮੈ ਤੇਰਾ ਤਾਣੁ
ਅਨਦਿਨੁ ਜਪਉ ਨਾਮ ਗੁਣਤਾਸਿ

੩੯੧ ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ
ਆਪਹੁ ਕੋਈ ਮਿਲੈ ਨ ਭੂਲੈ
ਜਿਸੁ ਕ੍ਰਿਪਾਲ ਤਿਸੁ ਸਾਧ ਸੰਗਿ ਘੁਲੈ

੩੯੨ ਆਠ ਪਹਰ ਨਿਕਟ ਕਰਿ ਜਾਨੈ
ਪ੍ਰਭ ਕਾ ਕੀਆ ਮੀਠਾ ਮਾਨੈ
ਸਗਲ ਸੂਖ ਜਪਿ ਏਕੈ ਨਾਮ
ਸਗਲ ਧਰਮ ਹਰਿ ਕੇ ਗੁਣ ਗਾਮ

ਡਾ: ਸੁਰਿੰਦਰ ਸਿੰਘ ਕੋਹਲੀ

ਗੁਰੂ ਨਾਨਕ ਦੇਵ ਜੀ ਦਾ ਮਿਸ਼ਨ

ਸਾਡੇ ਬਾਬਾ ਜੀ ਨੇ ਬ੍ਰਹਿਮੰਡ ਦੇ ਚਪੇ ਚਪੇ ਵਿੱਚ 'ਨਿਰੰਕਾਰੀ ਜੋਤ' ਦੇ ਸੰਦੇਸ਼ੇ ਨੂੰ ਪ੍ਰਚਾਇਆ। ਆਪਣੇ ਮਿਸ਼ਨ ਦੇ ਸਭ ਤੋਂ ਪਹਿਲੇ ਤੇ ਵਡੇ ਪ੍ਰਚਾਰਕ ਉਹ ਆਪ ਹੀ ਸਨ। ਉਨ੍ਹਾਂ ਦੀ ਜ਼ਿੰਦਗੀ ਵਿਚ ਹੀ ਉਨ੍ਹਾਂ ਦੇ ਸਿਖਾਂ ਨੇ ਦੂਰ ਦਰ ਦੇਸ਼ਾਂ ਵਿੱਚ ਇਸ ਮਿਸ਼ਨ ਦਾ ਪ੍ਰਚਾਰ ਕੀਤਾ।

ਦੀਖਿਆ

ਅਜ਼ਾਂ ਵੇਖਣਾ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਉਹ ਦੀਖਿਆ ਕੀ ਸੀ ਜਿਸ ਨੂੰ ਹਰ ਦੇਸ਼ ਦੇ ਲੋਕਾਂ ਨੇ ਅਪਣਾਇਆ ?

(ੳ) ਉਹ ਸੀ ਵਹਿਦਤ ਜਾਂ ਏਕਤਾ-ਕਿ ਅੱਲਾ ਜਾਂ ਪ੍ਰਮਾਤਮਾ ਇਕ ਹੈ। ਹਰ ਪੁਰਸ਼ ਅਰਬਾਨਾਸਰ ਜਾਂ ਤਤਾਂ ਤੋਂ ਬਣਿਆ ਹੈ। ਇਸ ਲਈ ਸਭ ਬਰਾਬਰ ਹਨ ਅਤੇ ਭਰਾ ਭਰਾ ਹਨ। ਕੋਈ ਕਿਸੇ ਤੋਂ ਵੱਡਾ ਨਹੀਂ ਹੋ ਸਕਦਾ। ਬ੍ਰਹਿਮਣ ਤੇ ਸੂਦਰ ਵਿਚ ਕੀ ਫਰਕ ਹੈ ਜਦ ਸਭ ਦੀ ਸੂਰਤ ਇਕੋ ਜਿਹੀ ਹੈ। ਗੁਰੂ ਜੀ ਦੇ ਇਹ ਬਚਨ ਕਿਤਨੇ ਚੰਗੇ ਹਨ:

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।
ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ। (ਪ੍ਰਭਾਤੀ ਮ:੧)

ਪ੍ਰਮਾਤਮਾ ਦੇ ਦਰਬਾਰ ਵਿੱਚ ਤਾਂ ਜਾਤਾਂ ਵਰਨਾਂ ਦਾ ਕੋਈ ਭੇਦ ਨਹੀਂ। ਸਭ ਕੁਦਰਤ ਦੇ ਬੰਦੇ ਹਨ ਅਤੇ ਇਕ ਨੂਰ ਤੋਂ ਉਪਜੇ ਹਨ, ਫਿਰ ਵਿਤਕਰਾ ਕਿਉਂ ? ਕਾਜ਼ੀ ਰੁਕਨ ਦੀਨ ਨਾਲ ਗੋਸ਼ਟ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਨਾਨਕ ਆਖੇ ਰੁਕਨ ਦੀਨ ਸਚ ਸੁਨਾਵੇਂ ਬਾਤ
ਅਰਬਾਨ ਸਰੋਂ ਆਦਮੀ ਕਾਨ ਹੈਵਾਨ ਨਬਾਤ।
ਮਰ ਮਤ ਮਿਲਦੇ ਖ਼ਾਕ ਨਾਲ ਫਿਰ ਹੋਇ ਜੰਮਦੇ ਘਾਹਿ।
ਗੂੰਨਾ ਗੂੰਨੀ ਬੂਟੀਆਂ ਸੁਰਖੀ ਸਬਜ ਸਿਆਹਿ।

....

ਇਹ ਬੁਨਿਆਦਿ ਖਲਕ ਦੀ ਬਹੁਤ ਵਧਾਇਨ ਵੈਰ।
ਦਾਣਾ ਪਾਣੀ ਖਾਇ ਕੈ ਰਖਨ ਡਿੰਗੇ ਪੈਰ।

....

ਸਿਰਿ ਸਿਰਿ ਲੇਖੁ ਅਲੇਖੁ ਦਾ ਉਤਮੁ ਮਧਮਿ ਜਾਨ।
ਕਰਮੀ ਆਪੋ ਆਪਣੀ ਮਸਤਕ ਭਏ ਨਿਸਾਨ। [ਮਕੇ ਦੀ ਗੋਸ਼ਟ

(ਅ) ਵਹਿਦਤ ਦੇ ਨਾਹਰੇ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਇਕ ਹੋਰ ਨਾਹਰਾ ਲਗਾਂਦੇ ਸਨ "ਨਾ ਹਮ ਹਿੰਦੂ ਨਾ ਮੁਸਲਮਾਨ"। ਬਾਬੇ ਆਦਮ ਦੇ ਦੋ ਪੁਤ੍ਰ ਹਾਬੀਲ ਤੇ ਕਾਬੀਲ ਦੀ ਸੰਤਾਨ ਹਿੰਦੂ ਤੇ ਮੁਸਲਮਾਣ ਉਨ੍ਹਾਂ ਦੇ ਖਿਆਲ ਵਿੱਚ ਰੂਹਾਨੀ ਜ਼ਿੰਦਗੀ ਤੋਂ ਬਿਲਕੁਲ ਕੋਰੇ ਹੋ ਚੁਕੇ ਸਨ। ਗੁਰੂ ਜੀ ਵਾਂਗ ਹੀ ਬਾਣੀ ਆਪ ਬੋਲਦੀ ਹੈ ਇਸ ਲਈ ਬਾਣੀ ਨੂੰ ਗੁਰੂ ਦਾ ਦਰਜਾ ਦਿਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਕਿਸੇ ਇਕ ਧਰਮ ਜਾਂ ਦੇਸ਼ ਦੇ ਨਹੀਂ ਸਨ. ਉਹ ਸਾਰੇ ਧਰਮਾਂ ਜਾਂ ਦੇਸ਼ਾਂ ਦੇ ਸਨ। ਉਹ ਸਾਰੇ ਬ੍ਰਹਿਮੰਡ ਦੇ ਸਨ ਤੇ ਸਾਰਾ ਬ੍ਰਹਿਮੰਡ ਉਨ੍ਹਾਂ ਦਾ ਸੀ। ਉਨ੍ਹਾਂ ਦੇ ਬੋਲ ਕਿਸੇ ਇਕ ਸਮੇਂ ਦੇ ਨਹੀਂ ਜਾਂ ਕਿਸੇ ਇਕ ਵਿਅਕਤੀ ਲਈ ਨਹੀਂ, ਉਹ ਤਾਂ ਹਰ ਸਮੇਂ ਹਰ ਮਨੁਖ ਲਈ ਇਕ ਪਰਮ ਸਚਾਈ ਹਨ। ਉਹਨਾਂ ਦਾ ਧਰਮ ਸੰਸਾਰਕ ਧਰਮ ਸੀ ਜੋ ਮਨੁਖ ਨੂੰ 'ਕੁਦਰਤ ਦਾ ਬੰਦਾ' ਸਮਝਦਾ ਸੀ ਅਤੇ ਹਿੰਦੂ ਜਾਂ ਮੁਸਲਮਾਨ ਦੇ ਫਰਕ ਨੂੰ ਦਰਸਾਣ ਵਾਲੀ ਦ੍ਰਿਸ਼ਟੀ ਉਥੇ ਨਹੀਂ ਸੀ। ਗੁਰੂ ਜੀ ਦੁਨੀਆ ਦੀ ਸਾਂਝੀ ਬ੍ਰਾਦਰੀ (Universal Brotherhood) ਦਾ ਪ੍ਰਚਾਰ ਕਰਦੇ ਸਨ।

ਹਿੰਦੂ ਮੁਸਲਮਾਨ ਦੁਇ ਦਰਗਹ ਲਹਨਿ ਨ ਜਾਇ।
ਫੈਲ ਫਕੜੁ ਜਹਾਨ ਵਿੱਚ ਹਿੰਦੂ ਤੁਰਕ ਕਹਾਇ।
ਕਲਜੁਗ ਵਿਚਿ ਮਨਸੂਖ ਹੈਨਿ ਦੁਇ ਹਿੰਦੂ ਮੁਸਲਮਾਨ।
ਤੀਜਾ ਦੀਨ ਚਲਾਇਆ ਮੁਸਕੁਲ ਥੀਆ ਅਸਾਨ ॥ (ਸਾਖੀ ਮਕੇ ਮਦੀਨੇ ਦੀ

(ੲ) ਗੁਰੂ ਜੀ ਨੇ ਹਰ ਧਰਮ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਤ੍ਰੁਟੀਆਂ ਤੇ ਜਾਣ ਕਰਾਇਆ। ਉਨ੍ਹਾਂ ਨੇ ਦਸਿਆ ਕਿ ਦੁਨੀਆਂ ਨੇ "ਅਸਲੀ ਮਜ਼ਬ" ਨੂੰ ਨਹੀਂ ਪਛਾਣਿਆਂ, ਮਜ਼ਬ ਇਕ ਰਾਹ ਹੈ ਜਿਸ ਤੇ ਵਿਰਲੇ ਬੰਦਿਆ ਨੇ ਤੁਰਨ ਦੀ ਕੋਸ਼ਸ਼ ਕੀਤੀ ਹੈ। ਉਤੋਂ ਉਤੋਂ ਦਿਸ ਰਹੇ ਮਜ਼ਬ ਨੂੰ ਮਜ਼ਬ ਨਹੀ ਕਿਹਾ ਜਾ ਸਕਦਾ। ਮਜ਼ਬ ਤਾਂ ਅੰਤ੍ਰੀਵ ਰੂਹਾਨੀ ਅਵਸਥਾ ਦਾ ਨਾਮ ਹੈ। ਧਰਮ ਦੇ ਬਾਹਰਲੇ ਚਿੰਨ੍ਹਾਂ ਦਾ ਅੰਤ੍ਰੀਵ ਰੂਹਾਨੀ ਭਾਵ ਸਮਝਣਾ ਚਾਹੀਦਾ ਹੈ। ਜਿਸਤਰ੍ਹਾਂ ਇਕ ਮੁਸਲਮਾਣ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ। (ਵਾਰ ਮਾਝ ਕੀ

ਰਬੀ ਰਹਿਮਤ ਦੀ ਮਸੀਤ ਵਿੱਚ ਸਿਦਕ ਦਾ ਮੁਸਲਾ ਵਿਛਾ ਕੇ ਹਕੂ ਹਲਾਲੂ ਦਾ ਕੁਰਾਨੁ ਪੜ੍ਹਨਾ ਯੋਗ ਹੈ।

ਇਵੇਂ ਹੀ ਇਕ ਜੋਗੀ ਨੂੰ ਆਪਦਾ ਉਪਦੇਸ਼ ਇਸਤਰ੍ਹਾਂ ਹੈ:

ਜੋਗੁ ਨ ਖਿੰਥਾ ਜੋਗ ਨ ਡੰਡੇ ਜੋਗੁ ਨ ਭਸਮੁ ਚੜਾਈਐ ।
ਜੋਗੁ ਨ ਮੁੰਦੀ ਮੂੰਡ ਮੁੰਡਾਈਐ ਜੋਗੁ ਨ ਸਿੰਙੀ ਵਾਈਐ ।
ਅੰਜਨੁ ਮਾਹਿ ਨਿਰੰਜਨੁ ਰਹੀਐ ਜੋਗੁ ਜੁਗਤ ਇਵ ਪਾਈਐ ।
ਗਲੀ ਜੋਗੁ ਨ ਹੋਈ
ਏਕ ਦ੍ਰਿਸਟਿ ਕਰ ਸਮਸਰ ਜਾਣੈ ਜੋਗੀ ਕਹੀਐ ਸੋਈ ।

ਖਿੰਥਾ ਓੜ੍ਹਣ, ਡੰਡੇ ਚੁਕਣ ਜਾਂ ਭਸਮ ਚੜ੍ਹਾਣ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੋ ਸਕਦੀ । ਜੋਗੀ ਤਾਂ ਉਹ ਹੈ ਜਿਸ ਦੀ "ਇਕ ਦ੍ਰਿਸ਼ਟੀ" ਹੈ ਅਤੇ ਸਾਰਿਆਂ ਨੂੰ ਬਰਾਬਰ ਸਮਝਦਾ ਹੈ ।

ਖਤਰੀ ਬਾਬਤ ਗੁਰੂ ਜੀ ਨੇ ਇਉਂ ਫੁਰਮਾਇਆ ਹੈ:

ਖਤਰੀ ਸੋ ਜੋ ਕਰਮਾ ਕਾ ਸੂਰ ।
ਪੁੰਨ ਦਾਨ ਕਾ ਕਰੈ ਸਰੀਰ ।
ਖੇਤ ਪਛਾਣੈ ਬੀਜੈ ਦਾਨ ।
ਸੋ ਖਤਰੀ ਦਰਗਹ ਪਰਵਾਨ । (ਸਲੋਕ ਵਾਰਾਂ ਤੇ ਵਧੀਕ)

ਜਦ ਸਾਰਿਆਂ ਦੇ ਜੀਵਨ ਦਾ ਮੰਤਵ ਸਚੁ ਦੀ ਪ੍ਰਾਪਤੀ ਹੈ ਫਿਰ ਵਿਤਕਰਾ ਜਾਂ ਵਿਖੇਪਤਾ ਕਿਸ ਗਲ ਦੀ ਹੋਈ ? ਗੁਰੂ ਘਰ ਦਾ ਉਪਦੇਸ਼ ਬ੍ਰਹਿਮਣ ਤੇ ਸੂਦਰ ਦੁਹਾਂ ਲਈ ਇਕੋ ਹੈ । ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਇਸ ਨਜ਼ਰੀਏ ਨੂੰ ਏਦਾਂ ਪ੍ਰਗਟਾਇਆ ਹੈ ।

ਖਤਰੀ ਬ੍ਰਾਹਮਣ ਸੂਦ ਵੈਸ਼ ਉਪਦੇਸ਼ ਚਹੁ ਵਰਨਾ ਕੋ ਸਾਝਾ ।
ਗੁਰਮੁਖ ਨਾਮ ਜਪੈ ਸੋ ਉਧਰੈ ਕਲ ਮਹਿ ਘਟ ਘਟ ਨਾਨਕ ਮਾਝਾ ।

ਹਿੰਦੂ ਤੇ ਮੁਸਲਮਾਣ ਦੋਵੇਂ ਰਬ ਦੇ ਬੰਦੇ ਹਨ । ਜਿਹੜਾ ਇਹਨਾਂ ਦੋਹਾਂ ਵਿੱਚ ਕੋਈ ਫਰਕ ਸਮਝਦਾ ਹੈ ਉਸ ਤੇ ਸ਼ੈਤਾਨ ਗ਼ਾਲਬ ਹੈ ਅਤੇ ਉਸਦਾ ਆਪਣਾ ਕੋਈ ਮਜ਼ਬ ਨਹੀਂ ; ਉਹ ਕੇਵਲ ਸ਼ੈਤਾਨੀ ਰਾਹ ਤੇ ਤੁਰਦਾ ਹੈ । ਗੁਰੂ ਜੀ ਫੁਰਮਾਉਂਦੇ ਹਨ:

ਮੁਸਲਮਾਨ ਖੁਦਾਇ ਦੇ ਹਿੰਦੂ ਆਖਨ ਰਾਮ ।
ਦੁਹਾਂ ਦਾਵਾ ਪਕੜਿਆ ਗ਼ਾਲਬੁ ਭਇਆ ਸ਼ੈਤਾਨ ।
ਹਿੰਦੂ ਮੂਰਤ ਨਿਰਮਲੀ ਮੁਸਲਮਾਨੀ ਪਾਕ ।
ਅਮਲਾਂ ਉਤੇ ਨਿਬੜੇ ਸਹੇ ਨਿਮਾਣੀ ਖਾਕ ।
ਅਰਬਾ ਨਾਸਰ ਮੇਲ ਕੈ ਜੁਸ਼ੇ ਰਚੇ ਖੁਦਾਇ ।
ਆਪੇ ਸਾਜ ਨਿਵਾਜਦਾ ਆਪੇ ਕਰੇ ਫ਼ਨਾਇ ।
ਕਾਇਮੁ ਦਾਇਮੁ ਕੁਦਰਤੀ ਸਚਾ ਬੇਪਰਵਾਹ ।
ਨਾਨਕ ਸਾਹਿਬੁ ਇਕੁ ਹੈ ਹੋਰੁ ਸੈਤਾਨੀ ਰਾਹੁ ।
(ਮਕੇ ਮਦੀਨੇ ਦੀ ਗੋਸਟ ਚੋਂ)'

ਆਖਰ ਨਿਬੇੜਾ ਮਨੁਖ ਦੇ ਅਮਲਾਂ ਉਪਰ ਹੈ । ਨਾ ਹਿੰਦੂ ਵਡਾ ਹੈ ਤੇ ਨਾ ਮੁਸਲਮਾਨ ; ਜਿਸਦੇ ਅਮਲ ਚੰਗੇ ਹਨ, ਉਹ ਹੀ ਚੰਗਾ ਹੈ । ਜਦੋਂ ਮਕੇ ਦੇ ਹਜੀਆਂ ਨੇ ਗੁਰੂ ਜੀ ਨੂੰ ਸਵਾਲ ਕੀਤਾ: ਹਿੰਦੂ ਵਡਾ ਕਿ ਮੁਸਲਮਾਨੋਈ ? ਤਾਂ ਗੁਰੂ ਜੀ ਦਾ ਇਹ ਉਤਰ ਸੀ:—

ਸੁਭ ਅਮਲਾਂ ਬਾਝੋਂ ਦੋਵੇ ਰੋਈ । [ਭਾਈ ਗੁਰਦਾਸ

(ਸ) ਦੁਨੀਆਂ ਨੂੰ 'ਅਸਲੀ ਧਰਮ ਵਲ ਪ੍ਰੇਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਨਿਰੰਕਾਰ ਦੀ ਜੋਤੀ ਦਾ ਨਿਵਾਸ ਸਾਡੇ ਅੰਦਰ ਹੈ, ਬਾਹਰ ਜੰਗਲਾਂ ਵਿੱਚ ਜਾਕੇ ਢੂੰਡਣਾ ਮੂਰਖਤਾ ਹੈ । ਕੰਨ ਪੜਵਾਣ ਨਾਲ ਨੰਗਿਆ ਫਿਰਨ ਨਾਲ ਹਠ-ਯੋਗ ਧਾਰਨ ਨਾਲ ਜਾਂ ਦੁਨੀਆਂ ਦੀ ਖਾਕ ਛਾਣਨ ਨਾਲ ਮੁਕਤੀ ਨਹੀਂ ਹੋ ਸਕਦੀ । ਆਵਾ-ਗਵਨ ਤੋਂ ਛੁਟਕਾਰਾ ਕੇਵਲ ਅਮਲੀ ਤੇ ਸਚਾ ਜੀਵਨ ਬਿਤਾਣ ਨਾਲ ਹੁੰਦਾ ਹੈ। ਅਤੇ ਅਮਲੀ ਤੇ ਸਚਾ ਜੀਵਨ ਬਿਤਾਣ ਦਾ ਪ੍ਰਧਾਨ ਆਸ਼੍ਰਮ ਗ੍ਰਿਹਸਥ ਆਸ਼੍ਰਮ ਹੈ । ਉਦਾਸੀ ਤੇ ਫਕਰ ਮਾੜੇ ਨਹੀਂ ਜੇ ਉਹ ਵੀ ਅਮਲੀ ਜੀਵਨ ਬਿਤਾ ਸਕਦੇ ਹਨ ਪਰ ਜਦੋਂ ਨਿਰਾ ਪਖੰਡ ਹੀ ਹੋਏ ਤਾਂ ਉਨ੍ਹਾਂ ਨਾਲੋਂ ਗ੍ਰਿਹਸਥੀ ਕਈ ਦਰਜੇ ਚੰਗਾ ਹੈ । ਗੁਰੂ ਜੀ ਫੁਰਮਾਉਂਦੇ ਹਨ:

ਗਿਆਨ ਵਿਹੂਣਾ ਗਾਵੈ ਗੀਤ । ਭੁਖੇ ਮੁਲਾਂ ਘਰੇ ਮਸੀਤਿ ।
ਮਖਟੂ ਹੋਇ ਕੈ ਕੰਨ ਪੜਾਏ । ਫਕਰੁ ਕਰੇ ਹੋਰੁ ਜਾਤਿ ਗਵਾਏ ।
ਗੁਰੁ ਪੀਰੁ ਸਦਾਏ ਮੰਗਣ ਜਾਇ । ਤਾ ਕੈ ਮੂਲਿ ਨਾ ਲਗੀਐ ਪਾਇ ।
ਘਾਲਿ ਖਾਇ ਕਿਛੁ ਹਥਹੁ ਦੇਹਿ । ਨਾਨਕ ਰਾਹੁ ਪਛਾਣਹਿ ਸੇਇ ।

(ਸਲੋਕ ਮ: ੧—ਸਾਰੰਗ ਕੀ ਵਾਰ)

ਅਸਲੀ ਧਰਮ ਦੀ ਸੋਝੀ ਉਸੇ ਨੂੰ ਹੋ ਸਕਦੀ ਹੈ ਜੋ ਦੂਜੇ ਦਵਾਰ ਤੇ ਮੰਗਣ ਨਹੀਂ ਜਾਂਦਾ ਸਗੋਂ ਆਪਣੀ ਕਮਾਈ ਕਰਕੇ ਆਪ ਖਾਂਦਾ ਤੇ ਹੋਰਨਾਂ ਨੂੰ ਖੁਆਂਦਾ ਹੈ ਜੋ ਸ਼ਰੀਰਕ ਤੇ ਆਤਮਕ ਦੋਵੇਂ ਘਾਲਨਾ ਇਕੋ ਸਮੇਂ ਘਾਲਦਾ ਹੈ । ਪਰ ਇਸ ਲਈ ਰਬੀ ਰਹਿਮਤ ਤੇ ਸਤਿਗੁਰੂ ਦੀ ਬਖਸ਼ਸ਼ ਬਹੁਤ ਜ਼ਰੂਰੀ ਹਨ ।

ਜਿਨ ਕਉ ਨਦਰਿ ਕਰਮਿ ਤਿਨ ਕਾਰ ਨਾਨਕ ਨਦਰੀ ਨਦਰਿ ਨਿਹਾਲ ।

(ਜਪੁਜੀ ਸਾਹਿਬ

ਜਦੋਂ ਰਬੀ ਮਿਹਰ ਹੁੰਦੀ ਹੈ ਤਾਂ ਸਤਿਗੁਰੂ ਦਾ ਮਿਲਾਪ ਹੁੰਦਾ ਹੈ ਅਤੇ ਫਿਰ ਜਦੋਂ ਸਤਿਗੁਰੂ ਦੀ ਬਖਸ਼ਸ਼ ਹੁੰਦੀ ਹੈ ਤਾਂ ਵਿਛੜੀ—ਆਤਮਾ ਪ੍ਰਮਾਤਮਾਂ ਵਿੱਚ ਲੀਨ ਹੋ ਜਾਂਦੀ ਹੈ । ਹਰੀ ਦੀ ਪ੍ਰਸੰਨਤਾ ਦੀ ਪ੍ਰਾਪਤੀ ਲਈ ਗੁਰੂ—ਸ਼ਬਦ ਦੀ ਕਮਾਈ ਜ਼ਰੂਰੀ ਹੈ । ਗੁਰ ਸ਼ਬਦ ਉਹ "ਹਰਿਨਾਮ, ਹੈ ਜੋ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ । ਜਿਨ੍ਹਾਂ ਨੇ ਸਤਿਗੁਰੂ ਅਥਵਾ ਹਰਿਨਾਮ ਨਾਲ ਪਿਆਰ ਪਾਇਆ ਹੈ ਉਹ ਸਦਾ ਲਈ ਜੀਉਂਦੇ ਹਨ ।

ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ।
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ ।
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ।
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ।   [ਪਉੜੀ—ਆਸਾ ਦੀ ਵਾਰ
ਕਰਿ ਕਿਰਪਾ ਪਾਰਿ ਉਤਾਰਿਆ ।। ੧੩ ।।

ਸੋ ਸਤਿਗੁਰੂ ਜੀ ਨੇ ਸੁਚੱਜਾ ਜੀਵਨ ਬਿਤਾਉਣ ਲਈ ਤਿੰਨ ਮੋਟੀਆਂ ਗੱਲਾਂ ਦਸੀਆਂ ਹਨ ।

(੧) ਨਾਮ ਜਪਣਾ । [੨) ਕਿਰਤ ਕਰਨੀ । (੩) ਵੰਡ ਛਕਣਾ ।

ਨਾਮ ਜਪਣ ਦੀ ਵਿਉਂਤ ਗੁਰੂ ਜੀ ਨੇ ਇਉਂ ਦੱਸੀ ਹੈ: ਸਭ ਤੋਂ ਪਹਿਲਾਂ "ਸ੍ਰੀਰ ਭਾਂਡੇ" ਨੂੰ ਚੰਗੀ ਤਰ੍ਹਾਂ ਅੰਦਰੋਂ ਬਾਹਰੋਂ ਸਫਾ ਕਰੋ । ਇਹਦੇ ਵਿਚ "ਸ਼ੁਭ ਕਰਮਾਂ" ਦਾ ਦੁਧ ਪਾਓ ਅਤੇ ਫਿਰ "ਉਚੀ ਸੁਰਤ" ਦੀ ਜਾਗ ਲਾਓ । "ਨਿਰ-ਆਸ ਰਹਿ ਕੇ ਇਹ ਦੁਧ ਜੰਮੇਗਾ । ਜੀਭ ਦੀ ਮਧਾਣੀ ਬਣਾਕੇ ਮਨ ਨੂੰ ਇਟੀਆਂ ਵਾਂਗ ਚੰਗੀ ਤਰ੍ਹਾਂ ਕਾਬੂ ਕਰਕੇ ਅਤੇ ਨੇਤ੍ਰਾਂ ਦਾ ਨੇਤ੍ਰਾ ਬਣਾ ਕੇ ਰੇੜਕਾ ਪਾਉ--ਏਦਾਂ ਤੁਹਾਨੂੰ ਅਮ੍ਰਿਤ ਦੀ ਪ੍ਰਾਪਤੀ ਹੋਵੇਗੀ । ਗੁਰੂ ਜੀ ਫੁਰਮਾਉਂਦੇ ਹਨ:

ਭਾਂਡਾ ਧੋਇ ਬੈਸ ਧੂਪ ਦੇਵਹੁ ਤਉ ਦੂਧਹ ਕਉ ਜਾਵਹੁ ।
ਦੁਧ ਕਰਮ ਫੁਨ ਸੁਰਤ ਸਮਾਇਣ ਹੋਇ ਨਿਰਾਸ ਜਮਾਵਹੁ ।
ਜਪਹੁ ਤ ਏਕੋ ਨਾਮਾ
ਅਵਰ ਨਿਰਾਫਲ ਕਾਮਾ ।
ਏਹ ਮਨ ਈਟੀ ਹਾਥ ਕਰਉ ਫੁਨ ਨੇਤ੍ਰਉ ਨੀਦ ਨ ਆਵੈ ।
ਰਸਨਾ ਨਾਮ ਜਪਹੁ ਤਬ ਮਥੀਐ ਇਨ ਬਿਧ ਅੰਮ੍ਰਿਤ ਪਾਵਹੁ । (ਸੂਹੀ ਮ: ੧

ਉਪਰ ਦਸੇ 'ਸ਼ੁਭ ਕਰਮਾਂ' ਤੋਂ ਭਾਵ ਧਰਮ ਦੀ ਕਿਰਤ ਹੈ ਜਿਸਨੂੰ ਦੂਜੇ ਸ਼ਬਦਾਂ ਵਿਚ ਦਸਾਂ ਨਹੁੰਆਂ ਦੀ ਕਿਰਤ ਵੀ ਕਿਹਾ ਜਾਦਾ ਹੈ । ਏਸੇ ਬਾਰੇ ਹੀ ਗੁਰੂ ਜੀ ਨੇ ਕਿਹਾ ਹੈ:

ਜਿਨਾਂ ਸਚ ਪਛਾਣਿਆ ਪਾਸਨ ਭਿਸਤੀ ਜਾਇ ।
ਹਕ ਹਲਾਲੀ ਖਾਵਣਾ ਸਚ ਤਿਨਾੜੇ ਭਾਇ ।
ਜੋਰੁ ਨਾ ਕੀਚੇ ਕਿਸੇ ਪਰ ਉਤਮੁ ਮਧਮੁ ਕੋਇ ।
ਹਿੰਦੂ ਮੁਸਲਮਾਨ ਨੋ ਦੁਹਾਂ ਨਸੀਹਤਿ ਹੋਇ ।। (ਮਕੇ ਮਦੀਨੇ ਦੀ ਸਾਖੀ

ਇਸ ਧਰਮ ਦੀ ਕਿਰਤ ਚੋਂ ਯੋਗ ਲੋੜਵੰਦਾ ਦੀਆਂ ਲੋੜਾਂ ਵੀ ਪੂਰੀਆਂ ਕਰਨ ਬਾਬਤ ਗੁਰੂ ਜੀ ਨੇ ਕਿਹਾ ਸੀ...ਘਾਲਿ ਖਾਹਿ ਕਿਛੁ ਹਥਹੁ ਦੇਹਿ'—ਏਦਾਂ ਮਨੁਸ਼ ਦੀ ਕਮਾਈ ਪਵਿਤ੍ਰ ਹੁੰਦੀ ਹੈ । ਏਸੇ ਦਾਨ ਨੂੰ ਦੂਜੇ ਸ਼ਬਦਾ ਵਿਚ 'ਦਸਵੰਧ' ਕਹਿੰਦੇ ਹਨ,

ਕਮਾਈ ਦਾ ਦਸਵਾਂ ਹਿੱਸਾ ਜਿਸ ਬਾਬਤ ਦਸਵੇਂ ਪਾਤਸ਼ਾਹ ਨੇ ਖਾਲਸੇ ਨੂੰ ਖਾਸ ਹਿਦਾਇਤ ਕੀਤੀ ਸੀ ।

ਸਿਖ ਦੇ ਘਰ ਚੋਂ ਕਦੇ ਵੀ ਕੋਈ ਸਿਖ ਖਾਲੀ ਨਾ ਮੁੜੇ । ਸਿਖ ਦਾ ਫਰਜ਼ ਹੈ ਕਿ ਆਏ ਗੁਰ ਸਿਖ ਦਾ ਪੂਰਾ ਪੂਰਾ ਆਦਰ ਕਰੇ, ਪੂਰੀ ਪੂਰੀ ਸੇਵਾ ਕਰੇ ।

ਇਹ ਹੈ ਇਕ ਜਗਿਆਸੂ ਦਾ 'ਅਮਲੀ ਜੀਵਨ' ਜਿਹੜਾ ਗੁਰੂ ਜੀ ਨੇ ਦ੍ਰਿੜਾਇਆ ਸੀ ।

ਹਿੰਦੂ—ਮੁਸਲਿਮ ਏਕਤਾ

ਉਪਰਲੀ ਵਿਚਾਰ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਮੁਰਦਾ ਜਨਤਾ ਨੂੰ 'ਜੀਵਨ ਕਣੀ' ਦੀ ਦਾਤ ਦੇ ਕੇ ਜਿਵਾਲਨਾ ਚਾਹੁੰਦੇ ਸਨ । ਉਹ ਇਕ 'ਪਰਮ-ਮਨੁਖ' ਦੀ ਉਸਾਰੀ ਕਰਨਾ ਚਾਹੁੰਦੇ ਸਨ ਜਿਹੜਾ ਨਾ ਹਿੰਦੂ ਸੀ ਤ ਨਾ ਮੁਸਲਮਾਨ । ਉਹ ਇਕ ਅਜਿਹੀ ਪਿਆਰ ਦੀ ਮੂਰਤ ਬਨਾਣਾ ਚਾਹੁੰਦੇ ਸਨ ਜੋ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਆਪੇ ਵਲ ਖਿਚ ਸਕੇ; ਹਿੰਦੂ ਮੁਸਲਮਾਨ ਦਾ ਫਰਕ ਅਥਵਾ ਸਵਾਲ ਹੀ ਨਾ ਰਹੇ--ਦੋਵੇਂ ਇਕ ਮਿਕ ਹੋ ਜਾਣ--ਜੋ ਜੀਉਣ ਤਾਂ ਸਭ ਬਿਖਾਦਾਂ ਨੂੰ ਛਡ ਕੇ ਕੇਵਲ 'ਰਬ ਦਾ ਬੰਦਾ ਬਣ ਕੇ ਜੀਉਣ ਭਾਵ ਇਕ-ਮਿਕ ਹੋਕੇ ਜੀਵਨ ਬਿਤੀਤ ਕਰਨ ।

ਇਹੋ ਸੀ ਆਸ਼ਾ ਜਿਸ ਨੂੰ ਮੁਖ ਰਖਕੇ ਗੁਰੂ ਜੀ ਨੇ ਆਪਣੇ ਪ੍ਰਚਾਰ ਨੂੰ ਅਰੰਭਿਆ । ਅਜ ਦੀ ਦੁਨੀਆਂ ਵਿੱਚ ਹਿੰਦੂ-ਮੁਸਲਿਮ ਏਕਤਾ ਦਾ ਬਹੁਤ ਚਰਚਾ ਹੈ ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਸ ਏਕਤਾ ਦੇ ਸਭ ਤੋਂ ਪਹਿਲੇ ਤੇ ਮਹਾਨ ਪ੍ਰਚਾਰਕ ਸਨ । ਗੁਰੂ ਜੀ ਦਸਦੇ ਹਨ :

ਹਿੰਦੂ ਤੁਰਕੁ ਭਏ ਗੁਮਰਾਹੀ ਆਪਣੀ ਮੁਹਰਿ ਚਲਾਈ ।
ਓਇ ਦਾੜੀ ਕੋ ਘਰਤ ਮੁੰਡਾਲਹਿ ਓਇ ਖੰਡਤ ਮੂਛ ਕਰਾਈ ।
ਆਪਸ ਅੰਦਰ ਬਹੁਸ ਬਹੁਸਾਵੈ ਮੁਲਾ ਕਜੀ ਪਾਡੇ ।
ਓਇ ਮੜੀਆਂ ਓਇ ਗੋਰੀ ਪੂਜਹਿ ਜਮ ਕੰਕਰ ਕੇ ਭਾਡੇ ।

....

ਗਊ ਸੂਰ ਦੁਇ ਹਦਿ ਬਣਾਈ ਭਰਮੁ ਪਸਾਰਾ ਕੀਨਾ ।
ਕਾਫਰ ਮੁਲਹਦਿ ਕਰਨੁ ਮੁਹੀਮਾ ਅਪਨਾ ਅਪਣਾ ਚੀਨਾ ।
ਲਖ ਚਉਰਾਸੀ ਜਾਤ ਉਪਾਏ ਕਿਸੇ ਨਾ ਮੰਦਾ ਜਾਨਹੁ ॥
ਕਹੁ ਨਾਨਕ ਸੁਣ ਰੁਕਨੁਲੁ ਕਾਜੀ ਸਭ ਵਿਚਿ ਇਕੁ ਪਛਾਨਹੁ ॥

[ਸਾਖੀ ਮਕੇ ਮਦੀਨੇ ਦੀ

ਦੋਹਾਂ ਲਈ ਗੁਰੂ ਜੀ ਦਾ ਸਾਂਝਾ ਉਪਦੇਸ਼ ਸੀ-ਇਕ ਹਿੰਦੂ ਨੂੰ ਉਪਦੇਸ਼ ਕਰਦੇ ਹੋਏ ਕਹਿੰਦੇ ਹਨ:

ਦਇਆ ਕਪਾਹਿ ਸੰਤੋਖ ਸੂਤੁ ਜਤੁ ਗੰਢੀ ਸਤੁ ਵਟਿ
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।।

(ਆਸਾ ਦੀ ਵਾਰ

ਇਵੇਂ ਹੀ ਇਕ ਮੁਸਲਮਾਨ ਨੂੰ ਉਨ੍ਹਾਂ ਦਾ ਉਪਦੇਸ਼ ਇਸ ਤਰ੍ਹਾਂ ਦਾ ਸੀ:
ਈਮਾਨ ਕੁਰਾਨ ਕਉ ਜਤਨ ਕੀ ਜਿਲਦ ਕਰ ਰਹਿਮ ਕੀ ਰਿਹਲ ਪਟ ਧਰ ਪੜੀਜੈ
ਸਚ ਗਰਦਾਨ ਲੈ ਦਿਲੇ ਜੁਜ਼ਦਾਨ ਮਹਿ ਤਬਹਿ ਈਮਾਨ ਕਬਹੂ ਨਾ ਛੀਜੈ
ਬੁਗੋ ਰੇ ਕਾਜੀ ਪਾਕਨਾਮਾ ।
ਕੁਫਰ ਕਾ ਕੁੜਤਾ ਦੂਰ ਕਰ ਦਿਲੇ ਤੇ ਅੰਗ ਮਹਿ ਸਾਚ ਕਾ ਪਹਿਰੂ ਜਾਮਾ (ਪਾਕਨਾਮਾ

ਬ੍ਰਹਿਮੰਡ ਦੀ ਅਨੰਤਤਾ

ਗੁਰੂ ਜੀ ਨੇ ਦਸਿਆ ਕਿ ਜਿਥੇ ਨਿਰੰਕਾਰ ਆਪ ਅਨੰਤ ਹੈ, ਉਥੇ ਉਹਦੀ ਸਾਜੀ ਹੋਈ ਰਚਨਾ ਵੀ ਅਨੰਤ ਹੈ ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ [ਜਪੁ ਜੀ ਸਾਹਿਬ

ਮੁਹੰਮਦ ਸਾਹਿਬ ਦੀ ਧਿਆਨੀ ਅਖ ਕੇਵਲ ਚੌਦਾਂ ਤਬਕਾਂ ਤਕ ਹੀ ਅਪੜ ਸਕੀ ਹੈ, ਇਸ ਲਈ ਉਹਨਾਂ ਨੇ ਬ੍ਰਹਿਮੰਡ ਨੂੰ ਕੇਵਲ ਚੌਦਾਂ ਤਬਕਾਂ ਵਿਚ ਹੀ ਦਸਿਆ ਹੈ

ਅਨੰਤ ਹੀ ਗ੍ਰਿਹਿ ਤੇ ਅਨੰਤ ਹੀ ਆਕਾਸ਼ ਤੇ ਪਤਾਲ ਹਨ । ਹੇਠਲੀਆਂ ਦੋ ਸਾਖੀਆਂ ਇਸ ਖਿਆਲ ਨੂੰ ਚੰਗੀ ਤਰ੍ਹਾਂ ਖੋਹਲਦੀਆਂ ਹਨ:

੧. "... .....ਪੀਰ ਕਹਿਆ ਅਸਾਡੇ ਪੈਕੰਬਰ ਸਪਤ ਪਾਤਾਲ ਤੇ ਸਤ ਆਕਸ਼ ਕਹੇ ਹੈਨ । ਉਨ੍ਹਾਂ ਬਹੁਤੇ ਡਿਠੇ ਹੈਨ ਕਿ ਨਾਹੀ ਡਿਠੇ । ਬਾਬੇ ਆਖਿਆ ਉਨ੍ਹਾਂ ਭੀ ਡਿਠੇ ਹਨ । ਪੀਰ ਕਹਿਆ ਕਿਥੇ ਡਿਠੇ ਹਨ । ਬਾਬੇ ਕਹਿਆ ਅਸੂਬ ਮੇਰਾਜ ਮੈਂ ਡਿਠੇ ਹਨ । ਪੀਰ ਕਹਿਆ ਓਹ ਨਿਕਾਇਤ ਅਸਾਂਨੂੰ ਸੁਣਾਉ । ਬਾਬੇ ਕਹਿਆ ਇਕ ਦਿਨ ਜਬਰਾਈਲ ਤੁਸਾਡੇ ਪੈਕੰਬਰ ਨੂੰ ਮੇਰਾਜ ਮੈਂ ਲੈ ਗਇਆ ਸੀ ਅਗੇ ਤ੍ਰਿਓਰੀਆਂ ਕਿਤਾਰਾਂ ਊਠਾਂ ਦੀਆਂ ਚਲੀਆ ਜਾਂਦੀਆ ਸਨ । ਪੈਕੰਬਰ ਓਥੇ ਖਲੋ ਗਿਆ । ਜੇ ਕਤਾਰਾਂ ਜਾ ਰਹਨਗੀਆਂ ਤਾਂ ਅਸੀਂ ਜਾਵਾਂਗੇ । ਤਾਂ ਜਬਰਾਈਲ ਕਹਿਆ ਜਦ ਦਾ ਮੈਂ ਭੀ ਨਾ ਸਾਂ ਜੰਮਿਆ ਤਦ ਦੀਆਂ ਕਤਾਰਾਂ ਚਲੀਆਂ ਜਾਂਦੀਆਂ ਹੈਨ । ਪੈਕੰਬਰ ਕਹਿਆ ਇਕ ਇਕ ਊਠ ਤੇ ਜੋ ਤਿੰਨ ਤਿੰਨ ਸੰਦੂਕ ਹੈਨ ਸੋ ਇਕ ਖੋਲ੍ਹ ਦੇਖੀਏ ਜੋ ਵਿਚ ਕੀ ਹੈ । ਜਾਂ ਇਕ ਊਠ ਝੁਕਾਇਆ ਤਾਂ

ਉਨ੍ਹਾਂ ਸੰਦੂਕਾਂ ਨੂੰ ਕੁਲਫ ਭੀ ਕੀਤੇ ਹੋਏ ਹੈਨ ਤੇ ਕਿਲਾਦਾਂ ਭੀ ਨਾਲ ਲਗੀਆਂ ਹੋਈਆ ਹਨ ! ਜਬਰਾਈਲ ਇਕ ਸੰਦੂਕ ਖੋਲ੍ਹਿਆ ਤਾ ਬੈਜ਼ਿਆਂ (ਅੰਡਿਆਂ) ਦੇ ਨਾਲ ਪੁਰ ਕੀਤੇ ਹੋਏ ਹੈਨ । ਇਕ ਬੈਜ਼ੇ ਨੂੰ ਖੋਹਲ ਕੇ ਪੈਕੰਬਰ ਤੇ ਜਬਰਾਈਲ ਵਿੱਚ ਉਨਾਂ ਦੇ ਪ੍ਰਵੇਸ਼ ਕੀਤਾ ਦੇਖਣ ਤਾਂ ਹਫ਼ਤ ਜ਼ਮੀਨ ਹਨ ਤੇ ਹਫਤ ਅਸਮਾਨ ਹੈਨ । ਮਾਹੁ ਤੇ ਅਫਤਾਬ ਭੀ ਹੈਨ । ਤੇ ਪੈਕੰਬਰ ਤੇ ਜਬਰਾਈਲ ਭੀ ਵਿੱਚ ਹੈਨ । ਤਾਂ ਜਬਰਾਈਲ ਕਹਾ ਐਸੇ ਹੀ ਸਭ ਅੰਡਿਆਂ ਵਿੱਚ ਖਲਕਤਾਂ ਹੈਨ । ਜੇ ਤੁਸੀਂ ਅਸੀਂ ਭੀ ਇਕ ਅੰਡੇ ਦੇ ਵਿਚ ਰਹਿਣ ਵਾਲੇ ਹਾਂ । ਮਹਾਰਾਜ ਦੀ ਜੋ ਕੁਦਰਤ ਹੈ ਸੋ ਉਸ ਦੇ ਸਰੀਰ ਵਿਰ ਰੋਮਾਂ ਰੂਪੀ ਬ੍ਰਿਛ ਹੈਨ । ਤੇ ਬ੍ਰਿਛਾਂ ਦੇ ਵਿੱਚ ਗੂਲਰ ਅਨੇਕ ਫਲ ਹੈਨ । ਤੇ ਇਕ ਇਕ ਗੂਲਰ ਵਿੱਚ ਸਭ ਅਕਾਸ਼ ਪਾਤਾਲ ਹੈਨ । ਤੇ ਜੀਆ ਜੰਤ ਭੀ ਅਨੇਕ ਹੈਨ .....।"

(ਗਿਆਨ ਰਤਨਾਵਲੀ

ਉਪਰਲੀਆਂ ਸਾਖੀ ਤਾਂ ਇਕ ਹਿਕਾਇਤ ਹੈ ਅਤੇ ਇਕ ਦ੍ਰਿਸ਼ਟਾਂਤਕ ਕਥਨੀ ਕਹੀ ਜਾ ਸਕਦੀ ਹੈ, ਪਰ ਇਸ ਦੀ ਅਮਲੀ ਉਦਾਹਰਣ ਹੇਠ ਲਿਖੀ ਸਾਖੀ ਤੋਂ ਮਿਲਦੀ ਹੈ :

੨ "........ਪੀਰ ਕਹਿਆ ਜੇਸੇ ਲਖ ਅਕਾਸ਼ ਪਾਤਾਲ ਤੂੰ ਡਿਠੇ ਹੈਨ ਅਸਾਨੂੰ ਵੀ ਦਿਖਾਲ। ਬਾਬੈ ਪੀਰ ਦੇ ਬੇਟੇ ਦਾ ਹਥ ਪਕੜ ਲਇਆ । ਉਸ ਨੂੰ ਬਚਨ ਕੀਤਾ ਅਖੀ ਮੀਟ । ਜਦ ਉਸ ਅਖੀ ਮੀਟੀਆਂ ਤਾਂ ਦੋਨ ਉਥੋਂ ਗਾਇਬ ਹੋ ਗਏ। ਪਹਿਲਾਂ ਉਸ ਨੂੰ ਬਾਬ ਲਖ ਫਲਕ ਦਿਖਾਏ। ਜਾਂ ਉਹ ਫਲਕਾਂ ਨੂੰ ਦੇਖਦਾ ਥਕਾ ਫਰ ਉਸ ਨੂੰ ਲਖ ਪਾਤਾਲ ਦਿਖਾਏ। ਪਾਤਾਲ ਦੇਖਦਾ ਉਹ ਥਕਾ ਉਸ ਆਖਿਆ ਜੇ ਹੁਣ ਫੇਰ ਚਲੀਏ। ਬਾਬੇ ਆਖਿਆ ਤੇਰਾ ਪੀਰੁ ਮੰਨੇ ਨਾਹੀ, ਇਥੋਂ ਕੜਾਹੇ ਦਾ ਕਚਕੌਲ ਭਰ ਲੈ। ਧੁਰੋਂ ਪਤਾਲੋਂ ਕੜਾਹੇ ਦਾ ਕਚਕੌਲ ਭਰ ਲਿਆਏ।। ਪੀਰ ਦੇ ਅਗੇ ਲਿਆ ਰਖਿਆ। ਬਾਬ ਕਹਿਆ ਤੁਸੀਂ ਆਪਣੇ ਪੁਤ੍ਰ ਤੋਂ ਪੁਛ। ਉਸਦੇ ਪੁਤ੍ਰ ਕਹਿਆ ਮੈਂ ਆਕਾਸ ਪਾਤਾਲ ਦੇਖਦਾ ਥਕ ਪਇਆ। ਮੈਂ ਇਥੇ ਇਨ੍ਹਾਂ ਨੂੰ ਲਿਆਇਆ। ਪੀਰ ਕਹਿਆ ਇਸ ਦੀ ਜਾਹਰ ਕਲਾ ਹੈ .....।"

ਉਪਰਲੀਅ ਦੋਵੇਂ ਸਾਖੀਆਂ ਬਗਦਾਦ ਦੀ ਗੋਸ਼ਟ ਵਿਚੋਂ ਹਨ ਅਤੇ ਇਨ੍ਹਾਂ ਤੋਂ ਇਹ ਭਾਵ ਨਿਸਚੇ ਹੁੰਦਾ ਹੈ ਕਿ ਬ੍ਰਹਿਮੰਡ ਵਿੱਚ ਅਣਗਿਣਤ ਹੀ ਮੰਡਲ ਹਨ ਅਤੇ ਹਰ ਮੰਡਲ ਵਿੱਚ ਵਖੋ ਵਖਰੇ ਦੇਵਤੇ ਤੇ ਪੈਗੰਬਰ ਹਨ। ਇਹ ਦੇਵਤੇ ਤੇ ਪੈਗੰਬਰ ਵੀ ਨਿਰੰਕਾਰ ਦੇ ਰਚੇ ਹੋਏ ਹਨ; ਇਸ ਲਈ ਇਹਨਾਂ ਦੀ ਪੂਜਾ ਨੂੰ ਛਡ ਕੇ ਕੇਵਲ ਨਿਰੰਕਾਰ ਦੀ ਪੂਜਾ ਹੀ ਕਰਨੀ ਯੋਗ ਹੈ ਜਿਸ ਤੋਂ ਕਿ ਇਹ ਦੇਵਤੇ ਵੀ ਆਪਣੀ ਸੱਤਾ ਪ੍ਰਾਪਤ ਕਰਦੇ ਹਨ।

ਪੰਜ ਖੰਡ ਬ੍ਰਹਿਮੰਡ ਦੀ ਅਨੰਤਤਾਈ ਵਲ ਧਿਆਨ ਦਿਵਾਂਦੇ ਹੋਏ ਅਤੇ ਬ੍ਰਹਮਾ ਬਿਸ਼ਨ ਮਹੇਸ਼ਰ ਦੀ ਮਿਤ ਨੂੰ ਪ੍ਰਗਟ ਕਰਦੇ ਹੋਏ ਗੁਰੂ ਜੀ ਨੇ ਇਹ ਦਸਿਆ ਕਿ ਸਾਡਾ ਸਰੀਰ ਇਨ੍ਹਾਂ ਸਭ ਚੀਜਾਂ ਨੂੰ ਆਪੇ ਵਿੱਚ ਪ੍ਰਤਿਬਿੰਬਤ ਕਰਦਾ ਹੈ। ਜਿਤਨਾ ਵੀ ਬ੍ਰਹਿਮੰਡ ਹੈ, ਉਹ ਸਭ ਪਿੰਡ ਅਥਵਾ ਸ੍ਰੀਰ ਵਿੱਚ ਆ ਜਾਂਦਾ ਹੈ, ਮਾਨੋ ਸਮੁੰਦਰ ਕੂਜੇ ਵਿੱਚ ਸਮਾ ਜਾਦਾ ਹੈ। ਇਸ ਕਾਇਆ

ਵਿਚ ਕਿਤਨੇ ਹੀ ਕੋਟ ਗੜ੍ਹ, ਹਾਟ, ਪੱਟਣ, ਬਾਜ਼ਾਰ ਹਨ—ਇਹ ਇਕ ਬਹੁਤ ਅਨੂਠਾ ਤੇ ਚਕ੍ਰਿਤ ਕਰਨ ਵਾਲਾ ਚਰਿਤ੍ਰ ਹੈ ਜਿਸ ਦੀ ਸਮਝ ਕਿਸੇ ਵਿਰਲੇ ਬੰਦੇ ਨੂੰ ਪੈਂਦੀ ਹੈ। ਇਸ ਕਾਇਆ ਵਿੱਚ ਪਏ ਮਾਣਕ ਲਾਲਾਂ ਨੂੰ ਲਭਣਾ ਕੋਈ ਸੌਖਾ ਨਹੀਂ—ਪਰ ਜਿਨ੍ਹਾਂ ਤੇ ਮਿਹਰ ਹੋਵੇ ਉਨ੍ਹਾਂ ਨੂੰ ਸਹਿਲੇ ਹੀ ਮਿਲ ਜਾਂਦੇ ਹਨ।

ਗੁਰੂ ਜੀਨੇ ਇਸ ਗਲ ਤੇ ਜ਼ੋਰ ਦਿਤਾ ਕਿ ਇਹ ਕਾਇਆ ਇਕ ਬਹੁਤ ਪਵਿਤ੍ਰ ਚੀਜ਼ ਹੈ, ਇਸ ਨੂੰ ਖੇਹ, ਮਿਟੀ ਵਿੱਚ ਰੁਲਾਣਾ ਠੀਕ ਨਹੀਂ—ਤਨ ਦੀ ਪਵਿਤ੍ਰਤਾ ਰਖਣੀ ਬਹੁਤ ਜ਼ਰੂਰੀ ਹੈ, ਤਿੰਨਾਂ ਗੁਣਾਂ ਦੀ ਖੇਡ ਤਕ ਹੀ ਕਾਇਆ ਦਾ ਸੰਬੰਧ ਹੈ ਅਤੇ ਤਿੰਨ ਗੁਣਾਂ ਦੀ ਖੇਡ ਸਭ ਮਾਇਆ ਹੈ। ਅਸਾਂ ਤਿੰਨ ਗੁਣਾ ਤੇ ਮਾਇਆ ਤੋਂ ਉੱਚਾ ਉਠਕੇ 'ਪਰਮ–ਜੋਤ' ਦੀ ਪ੍ਰਾਪਤੀ ਕਰਨੀ ਹੈ। ਤਨ ਦੀ ਪਵਿਤ੍ਰਤਾ ਲਈ ਮਨ ਦੀ ਪਵਿਤ੍ਰਤਾ ਬਹੁਤ ਜ਼ਰੂਰੀ ਹੈ। ਜਦ ਤਕ ਮਨ ਮੈਲਾ ਹੈ, ਉਦੋਂ ਤਕ ਤਨ ਵੀ ਰੋਗੀ ਹੈ। ਨਰੋਏ ਸਰੀਰ ਵਿੱਚ ਨਰੋਆ ਮਨ ਹੀ ਰਹਿ ਸਕਦਾ ਹੈ। ਸੰਸਾਰ ਦੇ ਰੋਗਾਂ ਦਾ ਦਾਰੂ ਕੇਵਲ ਨਾਮ ਹੈ।

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।

ਗੁਰ ਵਾਕੁ ਨਿਰੰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ। (ਧਨਾਸਰੀ ਮ: ੧॥

ਨਾਮੁ ਜਪਣ ਅਥਵਾ ਗੁਰਸਬਦ ਦੀ ਕਮਾਈ ਦੇ ਨਾਲ ਸਰੀਰ ਅੰਦਰਲੇ ਰਤਨਾ ਦੀ ਸੋਝੀ ਹੋ ਜਾਂਦੀ ਹੈ, ਜਿਨ੍ਹਾਂ ਨੂੰ ਮਨਮੁਖ ਬਾਹਰ ਭਾਲਦਾ ਫਿਰਦਾ ਹੈ।

ਜੈ ਕਾਰਣਿ ਤਟਿ ਤੀਰਥ ਨਾਹੀ।

ਰਤਨ ਪਦਾਰਥ ਘਟ ਹੀ ਮਾਹੀ

ਗੁਰਮੁਖ ਤਾਂ ਚਰਨ ਕਮਲ ਦੀ ਮੌਜ ਨੂੰ ਮਾਣਦੇ ਹਨ। ਉਹ ਮੁਕਤੀ ਨੂੰ ਵੀ ਕੁਝ ਨਹੀਂ ਸਮਝਦੇ। ਚਰਨ ਕਮਲ ਦੀ ਮੌਜ ਤਾਂ ਸਚ ਖੰਡ ਵਿੱਚ ਹੀ ਪ੍ਰਾਪਤ ਹੋ ਸਕਦੀ ਹੈ। ਸਰਗੁਣ ਸਰੂਪ ਪਰਮਾਤਮਾ ਤਾਂ ਕੁਦਰਤ ਦੇ ਜ਼ਰੇ ਜ਼ਰੇ ਵਿੱਚ ਸਮਾਇਆ ਹੋਇਆ ਹੈ, ਪਰ ਨਿਰ-ਗੁਣ ਸਰੂਪ ਪਰਮਾਤਮਾ ਸਚਖੰਡ ਵਿੱਚ ਬਿਰਾਜਮਾਨ ਹੈ। ਨਾ ਰਬ ਮਕੇ ਵਸਦਾ ਹੈ ਤੇ ਨਾਂ ਬਨਾਰਸ, ਉਹ ਹਰ ਥਾਂ ਹੈ। ਰਬ ਦੇ ਬੰਦੇ ਦਾ ਤੀਰਥ ਕੇਵਲ ਨਾਮ ਹੀ ਹੋ ਸਕਦਾ ਹੈ। ਸਚਖੰਡ ਦੀ ਬਾਬਤ ਗੁਰੂ ਨਾਨਕ ਦੇਵ ਜੀ ਨੇ ਇਉਂ ਲਿਖਿਆ ਹੈ:

ਸਚ ਖੰਡ ਵਸੈ ਨਿਰੰਕਾਰੁ। ਕਰਿ ਕਰਿ ਵੇਖੈ ਨਦਰਿ ਨਿਹਾਲ।

ਤਿਥੈ ਖੰਡ ਮੰਡਲ ਵਰਭੰਡ। ਜੇ ਕੋ ਕਥੈ ਤ ਅੰਤ ਨ ਅੰਤ।

ਤਿਥੈ ਲੋਅ ਲੋਅ ਆਕਾਰ। ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।

ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰੁ ॥ (ਜਪੁਜੀ ਸਾਹਿਬ

ਗੁਰੂ ਜੀ ਨੇ 'ਜਪੁਜੀ ਸਾਹਿਬ' ਵਿੱਚ ਪੰਜਾਂ ਖੰਡਾਂ ਦਾ ਵਰਨਨ ਕੀਤਾ ਹੈ ਅਤੇ ਇਹ ਪੰਜ ਖੰਡ ਇਕ ਜਗਿਆਸੂ ਦੀ ਆਤਮਕ ਉਨਤੀ ਦੇ ਦਰਸਾਊ ਹਨ। ਸੂਫੀਆ ਨੇ ਭੀ ਇਨ੍ਹਾਂ ਹੀ ਖੰਡਾਂ ਦਾ ਵਰਨਨ ਕੀਤਾ ਹੈ ਜਿਨ੍ਹਾਂ ਨੂੰ ਉਹ ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ ਕਹਿੰਦੇ ਹਨ। ਗੁਰੂ ਜੀ ਨੇ ਉਨ੍ਹਾਂ ਨੂੰ ਵੀ ਉਪਦੇਸ਼ ਕਰਦਿਆਂ ਇਹ ਕਿਹਾ ਸੀ:

ਸ਼ਰਾ ਸ਼ਰੀਅਤ ਲੇ ਕਮਾਵਹੁ । ਤਰੀਕਤ ਤਰਕਿ ਖੋਜਿ ਟੋਲਾਵਹੁ ।
ਮਾਰਫਤ ਮਨੁ ਮਾਰਹ ਅਬਦਾਲੀ । ਮਿਲਹੁ ਹਕੀਕਤੁ ਜਿਤੁ ਫਿਰ ਨ ਮਰਾ ।

ਪਰਮਾਰਥਕ ਜੀਵਨ ਦੀ ਪਹਿਲੀ ਅਵਸਥਾ ਧਰਮ ਖੰਡ ਅਥਵਾ ਸ਼ਰੀਅਤ ਹੈ । ਇਹਦੇ ਵਿੱਚ ਸਾਨੂੰ ਧਰਮ ਦੀ ਸੋਝੀ ਹੁੰਦੀ ਹੈ । ਧਰਤੀ ਦੀ ਧਰਮਸਾਲ ਵਿਚ ਬੈਠਕੇ ਅਸੀਂ ਆਤਮਕ ਤੌਰ ਤੇ ਉਚਿਆਂ ਉਠਣ ਦਾ ਸਬਕ ਲੈਂਦੇ ਹਾਂ । ਇਸ ਤੋਂ ਮਗਰੋਂ ਅਸੀ ਗਿਆਨ ਖੰਡ ਵਿਚ ਦਾਖਲ ਹੁੰਦੇ ਹਾਂ । ਇਸ ਖੰਡ ਵਿਚ ਸਾਨੂੰ ਬ੍ਰਹਮੰਡ ਅਥਵਾ ਕੁਦਰਤ ਦੀ ਅਨੰਤਤਾਈ ਦੀ ਸੋਝੀ ਹੁੰਦੀ ਹੈ । ਇਸ ਤੋਂ ਉਚਿਆਂ ਉਠਕੇ ਸਰਮ ਖੰਡ ਆਉਂਦਾ ਹੈ ਜਿਥੇ 'ਰੂਪ' ਦੇ ਦੀਦਾਰੇ ਹੁੰਦੇ ਹਨ । ਇਥੇ ਹੀ ਸੁਰਤ, ਮਤ, ਮਨ ਤੇ ਬੁਧੀ ਦੀ ਘਾੜਤ ਹੁੰਦੀ ਹੈ । ਫਿਰ ਜਦੋਂ ਸੁਰਤੀ ਉਚੇਰੇ ਉਠ ਕੇ ਕਰਮ ਖੰਡ ਵਿਚ ਜਾਂਦੀ ਹੈ ਤਾਂ ਰੂਪ ਦੇ ਨਾਲ ਨਾਲ ਇਹਦੇ ਵਿੱਚ ਬਲ ਆਉਂਦਾ ਹੈ । ਉਥੇ ਕੇਵਲ ਜੋਧੇ, ਮਹਾਂਬਲੀ ਤੇ ਸੂਰਮੇ ਨਜ਼ਰ ਆਉਂਦੇ ਹਨ ਜਿਨ੍ਹਾਂ ਨੇ ਆਤਮਕ ਜੀਵਨ ਨੂੰ ਜਿਤਿਆ ਹੈ । ਕਰਮ ਖੰਡ ਤੋਂ ਮਗਰੋਂ ਸਚਖੰਡ ਹੈ ਜਿਥੇ 'ਹਰਿ ਜੀ' ਦੇ ਦਰਸ਼ਨ ਹੁੰਦੇ ਹਨ ਤੇ ਚਰਨ ਕਮਲ ਦੀ ਮੌਜ ਪ੍ਰਾਪਤ ਹੁੰਦੀ ਹੈ।

ਇਹ ਖੰਡ ਨਿਰੀਆਂ ਆਤਮਕ ਅਵਸਥਾਵਾਂ ਹੀ ਨਹੀਂ, ਬਾਹਰ ਮੁਖੀ ਵੀ ਹਨ ਕਿਉਂਕਿ ਜੋ ਕੁਝ ਅੰਦਰ ਹੈ, ਉਹ ਬਾਹਰ ਵੀ ਹੈ । ਅੰਦਰ ਬਾਹਰ ਇਕ ਹਨ । ਸ਼ਰੀਰਕ ਤੌਰ ਤੇ ਗੁਰੂ ਨਾਨਕ ਦੇਵਜੀ ਵਰਗਾ 'ਪਰਮ-ਮਨੁਖ' ਹੀ ਇਨ੍ਹਾਂ ਖੰਡਾਂ ਨੂੰ ਟਪ ਸਕਦਾ ਹੈ । ਆਪਣੀ ਸਚ-ਖੰਡ ਉਡਾਰੀ ਵਿਚ ਗੁਰੂ ਜੀ ਆਪਣੇ ਮਨੁਖੀ ਜੀਵਨ ਵਿਚ ਹੀ ਇਨ੍ਹਾਂ ਖੰਡਾਂ ਤੇ ਮੰਡਲਾਂ ਚੋਂ ਲੰਘੇ ਹਨ। ਜਿਉਂ ਜਿਉਂ ਉਡਾਰੀ ਉਚੀ ਹੁੰਦੀ ਜਾਂਦੀ ਹੈ, ਸਰੀਰ ਸੂਖਸ਼ਮ ਹੁੰਦਾ ਜਾਂਦਾ ਹੈ, ਪਰ ਸਰੀਰ ਦਾ ਨਾਲ ਹੋਣਾ ਅਵਸ਼ਯ ਹੈ । ਜਨਮ ਸਾਖੀ ਅਨੁਸਾਰ ਆਪਣੀ 'ਸਚਖੰਡ ਉਡਾਰੀ' ਵਿਚ ਗੁਰੂ ਜੀ ਭਾਈ ਬਾਲੇ ਤੇ ਭਾਈ ਮਰਦਾਨੇ ਨੂੰ ਵੀ ਨਾਲ ਲੈ ਗਏ ਹਨ ਅਤੇ ਉਨ੍ਹਾਂ ਨੂੰ ਧਰੂ ਮੰਡਲ ਅਥਵਾ ਗਿਆਨ ਖੰਡ ਵਿੱਚੋ ਛਡ ਗਏ ਹਨ। ਧਰੂ ਮੰਡਲ ਚੋਂ ਆਪ ਵਿਸ਼ਨੂੰ ਪਰੀ ਨੂੰ ਗਏ ਹਨ ਅਤੇ ਉਥੋਂ ਫਿਰ ਨਿਰੰਕਾਰ ਦੇ ਦੇਸ਼ ਪਧਾਰੇ ਹਨ ।

ਇਹ ਹਨ ਪੰਜ ਖੰਡ ਜਿਨ੍ਹਾਂ ਨੂੰ ਇਕ ਅਭਿਆਸੀ ਗੁਰਮੁਖ ਹੀ ਅਨੁਭਵ ਕਰ ਸਕਦਾ ਹੈ । ਅਤੇ ਇਹ ਪੰਜ ਖੰਡ ਹੀ 'ਅਨੰਤ ਬ੍ਰਹਿਮੰਡ' ਦੇ ਵਡੇ ਭਾਗ ਹਨ ਜਿਨ੍ਹਾਂ ਦਾ ਹਰ ਜ਼ਰਾ 'ਅਨੰਤ ਪਰਮਾਤਮਾ ਦੇ ਹੁਕਮ ਅੰਦਰ ਬੱਝਾ ਹੋਇਆ ਹੈ ।

ਸਮਾਜ-ਅਰਥ

ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਕੇਵਲ ਧਾਰਮਕ ਅਥਵਾ ਰੂਹਾਨੀ ਹੀ ਨਹੀਂ ਸੀ, ਉਹ ਤਾਂ ਦੇਸ਼ ਨੂੰ ਰਾਜਸਕ, ਸਮਾਜਕ ਤੇ ਆਰਥਕ ਤੌਰ ਤੇ ਵੀ ਉੱਨਤ ਵੇਖਣਾ ਚਾਹੁੰਦੇ ਸਨ । ਉਨ੍ਹਾਂ ਨੇ ਦਸਿਆ ਕਿ ਵਹਿਮ ਤੇ ਭਰਮ ਕਿਸੇ ਬ੍ਰਾਦਰੀ ਦੀ ਕਮਜ਼ੋਰੀ ਹਨ, ਇਹ ਉੱਨਤੀ ਦੇ ਰਾਹ ਵਿੱਚ ਰੁਕਾਵਟ ਹਨ । ਹੇਠਲੇ ਸ਼ਬਦ ਰਾਹੀਂ ਗੁਰੂ ਜੀ ਨੇ ਵਹਿਮ ਤੇ ਪਖੰਡ ਦਾ ਬਹੁਤ ਚੰਗਾ ਖੰਡਨ ਕੀਤਾ ਹੈ :

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ।
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ।
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ।
... ...
ਨਾ ਓਇ ਜੋਗੀ ਨਾਂ ਉਇ ਜੰਗਮ ਨਾ ਓਇ ਕਾਜੀ ਮੁੰਲਾ ।
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ।
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ । [ਸਲੋਕ ਮ ੧—ਵਾਰ ਮਾਝ ਕੀ
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ।

ਇਹ ਸ਼ਲੋਕ ਜੈਨੀਆਂ ਸ੍ਰੇਵੜਿਆਂ ਪ੍ਰਥਾਇ ਉਚਾਰਿਆ ਹੈ। ਇਹ ਲੋਕ ਸਿਰ ਦੇ ਵਾਲ ਹਥਾਂ ਨਾਲ ਇੱਕ ਇਕ ਕਰਕੇ ਪੁਟਦੇ ਹਨ ਅਤੇ ਪੁਟਣ ਲਗਿਆਂ ਹਥਾਂ ਨੂੰ ਸੁਆਹ ਮਲ ਲੈਂਦੇ ਹਨ ਤਾਂ ਜੋ ਹਥ ਵਾਲਾਂ ਨੂੰ ਸੌਖੇ ਪੈਣ। ਮੈਲਾ ਪਾਣੀ ਪੀਂਦੇ ਹਨ-। ਵਿਸਟਾ ਨੂੰ ਇਸ ਖਿਆਲ ਨਾਲ ਫੋਲਦੇ ਹਨ ਕਿ ਕੋਈ ਕੀੜਾ ਨਾ ਮਰ ਜਾਏ । ਮੂਹੋਂ ਹਵਾੜਾਂ ਲੈਂਦੇ ਹਨ ਅਤੇ ਪਾਣੀ ਤੋਂ ਸੰਗਦੇ ਹਨ । ਇਹ ਸਭ ਕੁਝ ਇਸ ਲਈ ਕਰਦੇ ਹਨ ਕਿ ਕੋਈ ਜੀਵ ਨਾ ਮਰ ਜਾਏ ਪਰ ਇਹਨਾ ਨੂੰ ਪਤਾ ਨਹੀਂ ਕਿ ਪ੍ਰਮਾਤਮਾ ਹੀ ਜੀਵਾਂ ਨੂੰ ਮਾਰਦਾ ਜੀਵਾਲਦਾ ਹੈ, ਹੋਰ ਕੋਈ ਨਹੀਂ ਦੇਖ ਸਕਦਾ । ਇਹ ਲੋਕ ਦਾਨ ਤੇ ਇਸ਼ਨਾਨ ਤੋਂ ਵਾਂਝੇ ਰਹਿ ਜਾਂਦੇ ਹਨ, ਸੁਆਹ ਪਵੇ ਇਹੋ ਜਿਹੇ ਸਿਰ ਖੋਹਣ ਦੇ ।

ਇਹੋ ਜਿਹੀਆਂ ਕਈ ਸੁਧਾਰਕ ਗੱਲਾਂ ਗੁਰੂ ਜੀ ਦੀ ਬਾਣੀ ਚੋਂ ਮਿਲਦੀਆਂ ਹਨ । ਉਹ ਸਮਾਜ ਦੇ ਮਾੜੇ ਅੰਸਰ ਨੂੰ ਖਤਮ ਕਰਨਾ ਚਾਹੁੰਦੇ ਸਨ। ਆਸਾ ਦੀ ਵਾਰ ਵਿੱਚ ਇਸ ਸੁਧਾਰਕ ਪਹਿਲੂ ਦੇ ਬਹੁਤ ਸਾਰੇ ਸ਼ਲੋਕ ਮਿਲਦੇ ਹਨ ।

ਗੁਰੂ ਜੀ ਅਜਿਹੇ ਸਮਾਜ ਦੇ ਜ਼ਬਰਦਸਤ ਹਾਮੀ ਸਨ ਜਿਸ ਵਿੱਚ ਹਰ ਮਨੁਖ ਨੂੰ ਖਾਣ ਲਈ ਰੋਟੀ ਮਿਲੇ, ਪਹਿਨਣ ਲਈ ਕਪੜਾ ਤੇ ਰਹਿਣ ਲਈ ਮਕਾਨ । ਉਹ ਚੰਗੇ ਸਮਾਜ ਲਈ ਚੰਗੀ ਆਰਥਕ ਹਾਲਤ ਨੂੰ ਬਹੁਤ ਜ਼ਰੂਰੀ ਸਮਝਦੇ ਸਨ। ਉਨ੍ਹਾਂ ਦੀ ਵਿਚਾਰ ਸੀ ਕਿ ਚੰਗੀ ਆਰਥਕ ਹਾਲਤ ਤੋਂ ਬਿਨਾਂ ਪ੍ਰਮਾਰਥਕ ਜੀਵਨ ਬਿਤਾਣਾ ਵੀ ਬਹੁਤ ਕਠਿਨ ਹੈ। ਸੰਤੁਸ਼ਟ ਜੀਵਨ ਹੀ ਰਬ ਦੇ ਰਾਹ ਤੇ ਤੁਰ ਸਕਦਾ ਹੈ। ਅੰਨ ਛੋੜ ਕੇ ਲੋੜੀ ਪਖੰਡ ਕਰਦੇ ਹਨ—ਉਨ੍ਹਾਂ ਨੂੰ ਹਰੀ-ਮਿਲਾਪ ਨਹੀਂ ਹੋ ਸਕਦਾ ।

ਅੰਨੁ ਨ ਖਾਇਆ ਸਾਦੁ ਗਵਾਇਆ ।
ਬਹੁ ਦੁਖੁ ਪਾਇਆ ਦੂਜਾ ਭਾਇਆ ।
ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ।
ਮੋਨਿ ਵਿਗੂਤਾ ਕਿਉਂ ਜਾਗੈ ਗੁਰ ਬਿਨੁ ਸੂਤਾ । (ਮ: ੧ ਆਸਾ ਦੀ ਬਾਣ

ਅਜ ਸਾਂਝੀਵਾਲਤਾ ਅਥਵਾ ਸੋਸ਼ਲਇਜ਼ਮ (Socialism) ਦੇ ਨਾਹਰੇ ਵਜਦੇ ਹਨ,ਅਤੇ ਕਾਰਲ ਮਾਰਕਸ (Karl Marx) ਨੂੰ ਸੰਸਾਰ ਦਾ ਇਕ ਬਹੁਤ ਵਡਾ ਚਿੰਤਕ ਮੰਨਿਆ ਜਾਂਦਾ ਹੈ ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਸੋਸ਼ਲਇਜ਼ਮ ਦੇ ਸਭ ਤੋਂ ਪਹਿਲੇ ਤੇ ਵਡੇ ਪ੍ਰਚਾਰਕ ਗੁਰੂ ਨਾਨਕ ਦੇਵ ਜੀ ਹੀ ਸਨ। ਉਨ੍ਹਾਂ ਨੇ ਸਰਮਾਏਦਾਰੀ ਨੂੰ ਨਿੰਦਿਆ ਅਤੇ ਮਜ਼ਦੂਰਾਂ ਦੀ ਸੁਚੀ ਕਿਰਤ ਦੀ ਹਿਮਾਇਤ ਕੀਤੀ। ਭਾਈ ਲਾਲੋ ਦੀ ਕੋਧਰੇ ਦੀ ਰੋਟੀ 'ਚੋਂ ਦੁਧ ਤੇ ਮਲਕ ਭਾਗੋ ਦੀਆਂ ਪੂੜੀਆਂ ਕਚੋਰੀਆਂ 'ਚੋਂ ਖੂਨ ਦੇ ਕਤਰੇ ਕਢਕੇ ਜ਼ਾਲਮ ਰਾਜ ਅਥਵਾ ਸਰਮਾਏਦਾਰੀ ਦੇ ਜ਼ੁਲਮ ਨੂੰ ਨੰਗਾ ਕੀਤਾ।

ਗੁਰੂ ਜੀ ਨੇ ਸਮਾਜ ਵਿੱਚ ਇਸਤ੍ਰੀ ਨੂੰ ਉਚ ਪਦਵੀ ਦਿਤੀ। ਜਿਥੇ ਇਸਤ੍ਰੀ ਨੂੰ ਪੈਰ ਦੀ ਜੁਤੀ ਤੇ ਬਹੁਤ ਹੀਣਾ ਸਮਝਿਆ ਜਾਂਦਾ ਸੀ, ਉਥੇ ਗੁਰੂ ਜੀ ਨੇ ਇਸਤ੍ਰੀ ਨੂੰ ਮਰਦ ਦੇ ਬਰਾਬਰ ਲਿਆ ਖੜਾ ਕੀਤਾ। ਉਹਨਾਂ ਨੇ ਆਖਿਆ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ। [ਆਸਾ ਦੀ ਵਾਰ—ਮ: ੧

ਜਦ ਇਸਤ੍ਰੀ ਤੋਂ ਬਿਨਾ ਜਗਤ ਦਾ ਵਿਹਾਰ ਨਹੀਂ ਤੁਰਦਾ ਤਾਂ ਉਹ ਕਿਸ ਗਲੋਂ ਨੀਵੀਂ ਹੋਈ ? ਰਾਜੇ ਵੀ ਤਾਂ ਉਸੇ ਤੋਂ ਪੈਦਾ ਹੁੰਦੇ ਹਨ।

ਰਾਜਸੀ

(ੳ) ਗੁਰੂ ਨਾਨਕ ਦੇਵ ਜੀ ਨੇ ਜਨਤਾ ਦੇ ਦੁਖਾਂ ਨੂੰ ਪਛਾਣਿਆ ਤੇ ਮਹਿਸੂਸਿਆ ਅਤੇ ਜ਼ਾਲਮਾਂ ਅਥਵਾ ਜ਼ੁਲਮ ਵਿਰੁਧ ਜੋਰਦਾਰ ਆਵਾਜ਼ ਉਠਾਈ। ਉਨ੍ਹਾਂ ਨੇ ਰਾਜਿਆਂ ਨੂੰ ਖਬਰਦਾਰ ਕੀਤਾ ਅਤੇ ਆਖਿਆ ਕਿ ਰਾਜੇ ਦਾ ਕੰਮ ਇਨਸਾਫ਼ ਕਰਨਾ ਹੈ, ਭੁਖੇ ਨੂੰ ਰੋਟੀ ਦੇਣੀ ਤੇ ਨੰਗੇ ਨੂੰ ਕਪੜਾ ਦੇਣਾ ਹੈ। ਜਿਸ ਰਾਜ ਵਿਚ ਇਨਸਾਫ਼ ਨਹੀਂ ਉਹ ਥੋੜੀ ਦੇਰ ਮਗਰੋਂ ਹੀ ਖਤਮ ਹੋ ਜਾਏਗਾ। ਬਾਬਰ ਨੂੰ ਵੀ ਗੁਰੂ ਜੀ ਨੇ ਅਦਲ ਕਰਨ ਦੀ ਨਸੀਹਤ ਕੀਤੀ।

ਬਾਝਹ ਸਚ ਨਿਆਉ ਦੇ ਹਾਕਮ ਲਹੇ ਸਜਾਇ।
ਅਗੇ ਹੋਰ ਨ ਪੁਛੀਏ ਬਾਝੁ ਅਦਲ ਨਿਆਇ।
ਬਾਝੋਂ ਵਾਜਬ ਮਾਲ ਦੇ ਹੋਰ ਨਾ ਹਾਕਮ ਲੇਇ।
ਨਾਨਕ ਆਖੇ ਰੁਕਨਦੀਨ ਹਾਕਮ ਕਹੀਏ ਸੇਇ।
[ਮਕੇ ਮਦੀਨੇ ਦੀ ਸਾਖੀ

ਆਪਣੀਆਂ ਅਖਾਂ ਦੇ ਸਾਹਮਣੇ ਜ਼ੁਲਮ ਹੁੰਦਾ ਵੇਖਕੇ ਉਨ੍ਹਾਂ ਨੇ ਪ੍ਰਮਾਤਮਾ ਨੂੰ ਵੀ ਸ਼ਿਕਾਇਤ ਕੀਤੀ। ਉਨ੍ਹਾਂ ਦੇ ਖਿਆਲ ਵਿੱਚ ਜੇ ਮੁਕਾਬਲਾ ਦੋਹਾਂ ਪਾਸਿਓਂ ਇਕੋ ਜਿਹਾ ਹੋਵੇ ਤਾਂ ਕੋਈ ਦੁਖ ਨਹੀਂ ਹੁੰਦਾ, ਪਰ ਜੇ ਇਕ ਬਲਵਾਨ ਮਨੁਖ ਨਿਤਾਣੇ ਤੇ ਬੇਜ਼ਬਾਨੇ ਮਨੁਖ ਜਾਂ ਮਨੁਖਾਂ ਤੇ ਜ਼ੁਲਮ ਕਰੇ ਤਾਂ ਇਸ ਜਿਹੀ ਹੋਰ ਕੋਈ ਬੇਇਨਸਾਫ਼ੀ ਨਹੀਂ।

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ।੧॥

ਕਰਤਾ ਤੂੰ ਸਭਨਾ ਕਾ ਸੋਈ ।
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ । ੧ । ਰਹਾਉ ।। ਆਸਾ ਮਹਲਾ ੧

ਗੁਰੂ ਜੀ ਦੇ ਇਸ ਸ਼ਬਦ ਵਿਚ ਕਿਤਨਾ ਦੇਸ਼-ਪਿਆਰ ਤੇ ਮਜ਼ਲੂਮਾ ਦੇ ਲਈ ਕਿਤਨਾ ਦਰਦ ਭਰਿਆ ਪਿਆ ਹੈ ।

ਹਾਕਮ ਦੇ ਅੰਦਰ ਹਕੂਮਤ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ । ਜੇ ਉਹ ਜ਼ੋਰ ਜ਼ੁਲਮ ਕਰਦਾ ਹੈ ਤਾ ਦਰਗਾਹ ਵਿਚ ਉਸਨੂੰ ਇਸ ਗਲ ਦੀ ਪੁਛ ਹੋਇਗੀ :

ਹਾਕਮ ਕਹਾਵੈਂ ਹਕੂਮਤ ਨ ਹੋਇ । ਦੁਨੀਆ ਕਾ ਦੀਵਾਨਾ ਫਿਰੈ ਮਸਤ ਲੋਇ ।
ਲੂਟੇ ਮੁਲਕ ਔਰ ਪਹਿਰੇ ਵਾ ਖਾਇ । ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ ।
(ਨਸੀਹਤ ਨਾਮਾ

(ਅ) ਗੁਰੂ ਜੀ ਨੇ ਦਸਿਆ ਕਿ ਜ਼ੋਰ ਜ਼ੁਲਮ ਕਰਨ ਵਾਲੇ ਮੁਸਲਮਾਨਾਂ ਦਾ ਰਾਜ ਛੇਤੀ ਹੀ ਨਸ਼ਟ ਹੋ ਜਾਏਗਾ ਅਤੇ ਉਸ ਤੋਂ ਮਗਰੋਂ ਖਾਲਸਾ ਅਥਵਾ 'ਪਰਮ ਮਨੁਖ' ਰਾਜ ਕਰੇਗਾ । ਇਹ ਰਾਜ 'ਹਲੇਮੀ ਰਾਜ' ਹੋਵੇਗਾ । ਹਰ ਕੋਈ ਸੁਖੀ ਵਸੇਗਾ । ਇਸ ਰਾਜ ਵਿਚ ਜਨਤਾ ਦੀਆਂ ਆਰਥਕ ਲੋੜਾਂ ਸਹਿਜੇ ਹੀ ਪੂਰੀਆਂ ਹੋ ਸਕਣ ਗੀਆਂ; ਇਸ ਲਈ ਸ਼ੁਕਰਾਨੇ ਵਿੱਚ ਹਰੀ-ਨਾਮ' ਦੀ ਗੁੰਜਾਰ ਸਭ ਪਾਸਿਓਂ ਉਠੇਗੀ । ਗੁਰੂ ਨਾਨਕ ਦੇਵ ਜੀ ਨੇ ਤ੍ਰੈਕਾਲ ਦਰਸ਼ੀ ਨੀਝ ਨਾਲ ਭਵਿਸ਼ ਵਿਚ ਵੇਖਿਆ ਕਿ ਖਾਲਸਾ ਰਾਜ ਵਿਚ ਕੋਈ ਵੀ ਭੁਖਾ ਨੰਗਾ ਨਹੀਂ ਰਹੇਗਾ:

ਮਾਇਆ ਕਰਹਿ ਸਭ ਏਕਠੀ ਦੇਵਹਿ ਲੰਗਰ ਲਾਇ ।
ਭੁਖਾ ਨੰਗਾ ਅਰਥੀਆ ਖਾਲੀ ਕੋਈ ਨਾ ਜਾਇ ।
(ਕਰਨੀ ਨਾਮਾ

ਮਕੇ ਵਿਚ ਕਾਜ਼ੀ ਰੁਕਨ ਦੀਨ ਨਾਲ ਗਲ ਬਾਤ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਦਸਿਆ ਸੀ ਕਿ ਅਖ਼ੀਰ ਵਿੱਚ 'ਸਚੇ ਤੇ ਅਦਲੀ' ਧਰਮ ਦੀ ਫ਼ਤਿਹ ਹੋਵੇਗੀ ਅਤੇ ਇਹ ਗੋਬਿੰਦ ਦਾ ਖਾਲਸਾ ਹੀ ਹੋਵੇਗਾ ਜੋ ਸਭ ਦੁਨੀਆਂ ਤੇ ਛਾ ਜਾਏਗਾ ਅਤੇ ਸੁਖ ਸ਼ਾਂਤੀ ਵਰਤੇਗੀ । ਗੁਰੂ ਜੀ ਨੇ ਕਿਹਾ ਕਿ ਦੋ ਕੌਮਾਂ ਦਾ ਮਸਲਾ ਖਤਮ ਹੋ ਜਾਏਗਾ ਅਤੇ ਕੇਵਲ ਇਕ ਕੌਮ ਖਾਲਸਾ ਰਹਿ ਜਾਏਗੀ ਜੋ ਦੁਨੀਆ ਵਿੱਚ ਸਤਿਜੁਗੀ ਰਾਜ ਕਾਇਮ ਕਰੇਗੀ । ਉਨ੍ਹਾਂ ਦਸਿਆ:

ਸਾਚੇ ਸਾਹਿਬ ਕੇ ਰਾਜ ਵਿੱਚ ਸਤਿਜੁਗ ਹੋਸੀ ਆਣ ।
ਤਾਬਿਆ ਚਲੇ ਜੋ ਪੰਥ ਕੀ ਖਾਇ ਨਾ ਜਮ ਕਾ ਬਾਣ । (ਕਰਨੀ ਨਾਮਾ

—: o :—

ਸੰਪਾਦਕੀ

ਗੁਰੂ-ਕਵੀ ਸ੍ਰੀ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਅਵਸਰ ਉਤੇ ਅਸੀਂ ਕੋਈ ਸਾਰਥਕ ਸ਼ਰਧਾਂਜਲੀ ਅਰਪਤ ਕਰਨਾ ਚਾਹੁੰਦੇ ਸਾਂ । ਇਸ ਲਈ ਅਸਾਂ ਇਹੋ ਸਭ ਤੋਂ ਚੰਗਾ ਸਮਝਿਆ ਕਿ ਪੰਜਾਬੀ ਦੇ ਦੋ ਚੋਟੀ ਦੇ ਆਲੋਚਕਾਂ ਪਾਸੋਂ ਗੁਰੂ ਜੀ ਦੇ ਜੀਵਨ ਤੇ ਰਚਨਾ ਬਾਰੇ ਕੁਝ ਲਿਖਵਾਕੇ ਇਕ ਛੋਟੀ ਜਹੀ ਪੁਸਤਕਾ ਛਾਪੀ ਜਾਵੇ । ਸਾਨੂੰ ਖੁਸ਼ੀ ਤੇ ਮਾਣ ਹੈ ਕਿ ਇਨ੍ਹਾਂ ਦੋਵਾਂ ਵਿਦਵਾਨਾਂ—ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਸੁਰਿੰਦਰ ਸਿੰਘ ਕੋਹਲੀ—ਨੇ ਪੂਰਾ ਮਿਲਵਰਤਣ ਦਿੱਤਾ ਹੈ । ਅਸੀਂ ਇਨ੍ਹਾਂ ਦੀ ਕਿਰਪਾ ਲਈ ਦਿਲੋਂ ਧੰਨਵਾਦੀ ਹਾਂ । ਆਸ ਏ ਇਸ ਸ਼ੁਭ ਦਿਵਸ ਤੇ ਸਾਨੂੰ ਪੰਜਾਬੀਆਂ ਨੂੰ ਗੁਰੂ ਨਾਨਕ ਜੀ ਦੀ ਅਕਾਲੀ ਬਾਣੀ ਪੜ੍ਹਨ, ਘੋਖਣ ਤੇ ਵਾਚਣ ਦੀ ਚੇਟਕ ਲੱਗੇਗੀ ।

ਅਸੀਂ ਪ੍ਰਿੰਸੀਪਲ ਤ੍ਰਿਲੋਕੀ ਨਾਥ ਜੀ ਦਾ ਵੀ ਸ਼ੁਕਰਾਨਾ ਕਰਦੇ ਹਾਂ ਕਿ ਉਨ੍ਹਾਂ ਨੇ ਸਾਡੀ ਇਸ ਯੋਜਨਾ ਨੂੰ ਸ਼ਰਧਾ ਦੇ ਫੁੱਲਾਂ ਨਾਲ ਸ਼ਿੰਗਾਰਿਆ ਤੇ ਨੇਪਰੇ ਚਾੜ੍ਹਿਆ ਹੈ ।

ਸਥਾਨਕ ਸਿੰਘ ਸਭਾਵਾਂ ਅਤੇ ਆਦਰਸ਼ ਆਰਟ ਗੈਲਰੀ ਦੇ ਸਹਯੋਗ ਲਈ ਵੀ ਅਸੀਂ ਹਾਰਦਿਕ ਧੰਨਵਾਦੀ ਹਾਂ।

'ਸਿੰਗਲ'

ਪੰਜਾਬੀ ਸਾਹਿਤ ਸਭਾ: ਕਾਰਜ ਕਾਰਨੀ

੧.	ਪ੍ਰਧਾਨ	ਦੇਵਿੰਦਰ ਸਿੰਘ
੨.	ਮੀਤ ਪ੍ਰਧਾਨ	ਗੁਰਬਖਸ਼ ਸਿੰਘ
੩.	ਜਰਨਲ ਸਕੱਤਰ	ਸਰਬਜੀਤ ਸਿੰਘ
੪.	ਸਕੱਤਰ	ਗੁਰਬਚਨ ਸਿੰਘ

ਮੈਂਬਰ:—ਸਵਰਨ ਸਿੰਘ; ਸਤਵੰਤ ਸਿੰਘ; ਮੇਵਾ ਸਿੰਘ ਚਿਰੰਜੀਤ ਸਿੰਘ; ਕਰਮਜੀਤ ਭਾਰਤੀ; ਸੁਰਿੰਦਰ ਸਿੰਘ; ਸੁਚਾ ਸਿੰਘ ।

Printed at the AWAZ-I-USTAD Printing Press, Sector 10, Chandigarh.